# ਵਤਨੋਂ ਦੂਰ



ਸੰਪਾਦਕ:
ਸੁਰਿੰਦਰ ਧੰਜਲ

APRIL 74

50 ¢

LITERARY & CULTURAL
MONTHLY OF PANJABI

# THE WATNO DŪR

Post Box No. 1041
Coquitlam, B.C., Canada

# EAST-WEST QUALITY-WEAR



1290-E.12 (AT KNIGHT)
VANCOUVER, B.C.
(PHONE: 876-7901)

&

7220-MAIN (AT 57th AV.)
VANCOUVER, B.C.
(PHONE: 325-5414)

We are on the top for latest designs, Color and Quality in all types of fabrics, for Sarees & Suits, Salwar-Qamiz, Shirts, Sweeters, Children Wears, Turbans and many more.

DIRECT IMPORTER-EXPORTER, RETAILER & WHOLESALER FROM INDIA, ENGLAND, JAPAN, HONGKONG, TAIWAN, KOREA & OFFICES IN MANY PARTS OF THE WORLD.

*We specialize in everything we sell*

RESIDENT REPRESENTATIVE IN CANADA:

**M. S. LAIL**

ਦਾਜ, ਵਰੀ ਤੇ ਪਹਿਨਣ ਲੋੜਾਂ ਲਈ ਤਰਾਂ ਦੇ, ਖੂਬਸੂਰਤ ਸੂਟ, ਸਾੜ੍ਹੀਆਂ, ਸਵੈਟਰ, ਪੱਗਾਂ
ਤੇ ਬੱਚਿਆਂ ਦੇ ਕੱਪੜੇ ਆਦਿ ਖਰੀਦਣ ਸਮੇਂ ਸਿਰਫ ਦੋ ਸਟੋਰਾਂ ਦਾ ਨਾਂ ਯਾਦ ਰੱਖੋ!
ਜਿਨਾਂ ਦਾ ਕੇਵਲ ਨਾਅਰਾ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿੱਚ
ਇੰਨਾਂ ਤੋਂ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲਣਾ।
ਹਰ ਤਰ੍ਹਾਂ ਨਵੇਂ ਰੰਗ ਤੇ ਡੀਜ਼ਾਈਨ, ਖੁੱਲਾ-ਡੁੱਲਾ ਕੱਪੜਾ; ਪਹਿਚਾਣ ਤੇ ਟੋਰ

# GOYAL TRAVELS

4160 Fraser St.
Vancouver 10

PHONE: **872-7658**

INDIA : DEPART ANY DAY FOR FOUR MONTHS

ENQUIRE: for other SPECIAL FARE -
GROUP & CHARTERS -
ENGLAND, FIZI, SINGAPORE
OR ANY PART OF THE WORLD.

ਸਫ਼ਰ ਜੰਬੋ ਜੈੱਟ ਦਾ, ਭਾੜਾ ਪੁਰਾਣਾ ਪੱਟਦਾ

ਗੋਇਲ ਟਰੈਵਲਜ਼

ਸਸਤੀਆਂ ਟਿਕਟਾਂ ਖਰੀਦੋ!

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ
ਰਿਸ਼ਤੇਦਾਰਾਂ ਨੂੰ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਓ।
ਅਸੀਂ ਪਾਸਪੋਰਟ ਮੁਹੱਈਆ ਕਰਨ ਅਤੇ ਵੀਜ਼ਾ ਲੈਣ ਵਿੱਚ
ਪੂਰੀ ਮੱਦਦ ਕਰਦੇ ਹਾਂ ਅਤੇ ਏਹ ਸਭ ਸਾਡੇ; ਮੋਗਾ,
ਜਲੰਧਰ ਤੇ ਦਿੱਲੀ ਦਫ਼ਤਰਾਂ ਵਿੱਚ ਪੁੱਛਗਿੱਛ ਦੀ ਮੁਫ਼ਤ
ਮੱਦਦ ਮਿਲੇਗੀ!

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ
ਅਤੇ ਸੱਭਿਆਚਾਰਕ ਮਾਸਕ
ਵਤਨੋਂ ਦੂਰ
ਪੋਸਟ ਬਾਕਸ ਨੰ: 1041
ਕੋਕੁਇਟਲਮ, ਬੀ.ਸੀ.

TELEPHONE: 874-5403
SECOND CLASS MAIL REG. NO. 3233
VOLUME: II, NO. 10
PRICE: 50 ¢
APRIL 1974.

Literary & Cultural
Monthly of PANJABI
THE WATNO DUR
POST BOX 1041
COQUITLAM, B.C., CANADA.

Editor:
SURINDER DHANJAL
Asstt. Editor:
Bhupinder Dhaliwal

Managing Editor: Charanjeet Sidhoo
Advertising Editor: Diljit Toor.
Art Editor: Nirmal Dhaliwal.
Circulation Editor: Jaswinder Bhangu.

SPECIAL REPRESENTATIVE:
SUKHPAL TALLEWALIA : BURNABY, B. C.
LATT BHINDER : KAMLOOPS, B. C.
GURCHARAN TALLEWALIA: NEW WESTMINSTER.
KARAMJIT GHUMAN: CAMPBELL RIVER.
H. MANN & J. AULAKH: PRINCE GEORGE, B.C.
RAMESH SAFFRI : WINNIPEG, MANITOBA.

PUBLISHER:
TARA SINGH HAYER
6626-124 A STREET
SURREY, B.C.

ਸੰਪਾਦਕ: ਸੁਰਿੰਦਰ ਧੰਜਲ
ਸਹਾ: ਸੰਪਾਦਕ: ਭੁਪਿੰਦਰ ਧਾਲੀਵਾਲ

ਸਾਲਾਨਾ ਚੰਦਾ :-
ਕੈਨੇਡਾ / ਅਮਰੀਕਾ : ਪੰਜ ਡਾਲਰ
ਇੰਗਲੈਂਡ: 2½ ਪੌਂਡ
ਇੱਕ ਕਾਪੀ :-
50 ਸੈਂਟ
25 ਪੈਂਸ

## ਐਡੀਟੋਰੀਅਲ :-

● 13 ਅਪ੍ਰੈਲ, ਵਿਸਾਖੀ ਦਾ ਦਿਹਾੜਾ, ਜਾਬਰਾਂ ਵਿਰੁੱਧ ਹਥਿਆਰਬੰਦ ਸੰਘਰਸ਼ ਦਾ ਡੰਕਾ ਬੁਲੰਦ ਕਰਨ ਵਾਲੇ ਖਾਲਸੇ ਨੂੰ ਜਥੇਬੰਦ ਕਰਨ ਲਈ ਉਠੀ ਤਲਵਾਰ ਦੀ ਯਾਦ ਦਿਵਾਉਂਦਾ ਹੈ। ਉਹ ਤਲਵਾਰ ਉਨੀ ਦੇਰ ਜ਼ਰੂਰੀ ਰਹੇਗੀ, ਜਿੰਨੀ ਦੇਰ ਉਹ ਜ਼ੁਲਮ ਦਾ ਨਾਸ਼ ਨਹੀਂ ਕਰ ਦਿੰਦੀ। 'ਅਮਨ ਤੇ ਸ਼ਾਂਤੀ' - ਆਖ਼ਰ ਕਦ ਤੱਕ... ਤੇ ਗੁਰੂ ਗੋਬਿੰਦ ਸਿੰਘ ਦੇ ਇਹ ਸ਼ਬਦ ਹਮੇਸ਼ਾਂ ਸਾਡੇ ਲਿੱਖੇ ਰੌਸ਼ਨ ਹਨ:-

'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।'
(ਉਦੋਂ ਸ਼ਸਤ੍ਰ ਤਲਵਾਰ ਦੀ ਪਏ ਲੋੜੀ, ਜਦੋਂ ਹੋਰ ਹੀਲੇ ਸਾਰੇ ਮੁੱਕ ਜਾਂਦੇ)

●● 'ਭਾਰਤ ਨਾਲ ਸਮਾਜਿਕ, ਆਰਥਿਕ, ਸਾਹਿੱਤਕ, ਸੱਭਿਆਚਾਰਕ, ਰਾਜਨੀਤਕ ਤੇ ਇਤਿਹਾਸਕ ਸੰਪਰਕ ਜੋੜਨ ਵਾਲੇ ਪੰਜਾਬੀ ਪੱਤਰਾਂ ਦੀ ਕੈਨੇਡਾ ਵਿੱਚ ਬੇਹੱਦ ਲੋੜ ਹੈ। ਸੌ ਨਹੀਂ, ਹਜ਼ਾਰ ਫੁੱਲ ਖਿੜਨ...' ਪੰਜਾਬੀ ਪੱਤਰਕਾਰੀ ਦੇ ਉਪਰੋਕਤ ਨਿਸ਼ਾਨੇ ਤੇ ਸੁਹਿਰਦ ਰਹਿੰਦਿਆਂ ਚੱਲਣ ਵਾਲਾ 'ਵਤਨੋਂ ਦੂਰ', ਟੋਰਾਂਟੋ ਤੋਂ ਸ਼ੁਰੂ ਹੋਏ ਪੰਜਾਬੀ ਮਾਸਿਕ 'ਲੋਕ ਆਵਾਜ਼' ਨੂੰ ਜੀ ਆਇਆਂ ਆਖਦਾ ਹੈ।

●●● ਕੈਨੇਡਾ ਵਿੱਚ ਪੰਜਾਬੀ ਦੀ ਪ੍ਰੈੱਸ ਨਹੀਂ ਹੈ। ਬਹੁਤਾ ਸਮਾਂ ਅਸੀਂ ਭਾਰਤ ਤੋਂ ਕੰਪੋਜ਼ ਕਰਵਾਉਂਦੇ ਹਾਂ, ਜਾਂ ਸਾਨੂੰ ਹੱਥ ਲਿਖਤ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਕਰਕੇ ਕਈ ਵਾਰ ਛਪਾਈ-ਗਲਤੀਆਂ ਤੇ ਸ਼ਬਦਾਂ ਦੇ ਰੂਪ ਵਿੱਚ ਬੇਨਿਯਮੀ ਤੇ ਰਹਿ ਜਾਂਦੀ ਹੈ। ਸੋ ਲੇਖਕ ਤੇ ਪਾਠਕ ਸਹਿਯੋਗੀਆਂ ਨੂੰ ਬੇਨਤੀ ਹੈ ਕਿ ਉਹ ਸਾਡੀ ਇਸ ਪਰਦੇਸ-ਬੇਵਸੀ ਨੂੰ ਧਿਆਨ 'ਚ ਰੱਖਦਿਆਂ ਸਾਨੂੰ ਮੁਆਫ਼ ਕਰ ਦਿਆ ਕਰਨ। ਅਸੀਂ ਆਪਣਾ ਹਰ-ਸੰਭਵ ਤੌਰ ਕਰਕੇ ਇਸ ਹਾਲਾਤ ਤੇ ਕਾਬੂ ਪਾਉਣ ਦਾ ਪੂਰਾ ਪੂਰਾ ਯਤਨ ਕਰ ਰਹੇ ਹਾਂ।

- ਸੁਰਿੰਦਰ ਧੰਜਲ

# ਅਨੋਖਾ ਰਾਹੀ

ਵਰਿਆਮ ਸੰਧੂ

"ਗੜ੍ਹ ! ਗੜ੍ਹ ! ਗ...ੜ.. ੜ...ੜ..."

ਏਨੇ ਜ਼ੋਰ ਦੀ ਬੱਦਲ ਗਰਜਿਆ, ਜਿਵੇਂ ਆਕਾਸ਼ ਫਟ ਗਿਆ ਹੋਵੇ । ਤੇ ਉਸ ਦੀ ਸੋਚ ਲੜੀ ਟੁੱਟ ਗਈ । ਉਸ ਚਾਰੇ ਪਾਸੇ ਨਜ਼ਰਾਂ ਫੇਰੀਆਂ । ਹਨੇਰਾ ਹੀ ਹਨੇਰਾ ਸਾਰੀ ਧਰਤੀ ਨੂੰ ਆਪਣੀ ਬੁੱਕਲ ਵਿਚ ਲਪੇਟੀ ਖੜਾ ਸੀ । ਸੰਘਣਾ ਉਜਾੜ ਜੰਗਲ !... ਤੇ ਵਿਚ ਉਹ ਇਕੱਲਾ ਤੁਰਿਆ ਜਾ ਰਿਹਾ ਸੀ । ਪਰੰਤੂ ਉਹਦੇ ਸੰਗ ਬੜਾ ਵੱਡਾ, ਪਿਆਰਾ ਤੇ ਹਿੰਮਤੀ ਦਿਲ ਸੀ ਉਸਨੂੰ ਮਹਿਸੂਸ ਹੋਇਆ ਉਹ ਇਕੱਲਾ ਨਹੀਂ, ਉਸ ਦਾ ਦਿਲ ਤੇ ਉਸ ਵਿਚਲਾ ਲੱਖਾਂ ਗਰੀਬਾਂ ਮਜ਼ਲੂਮਾਂ ਦਾ ਪਿਆਰ ਵੀ ਉਸ ਦਾ ਸਾਥੀ ਸੀ । ਨਹੀਂ, ਇਕ ਨਹੀਂ ਸੀ । ਉਹ ਲੱਖਾਂ ਕਰੋੜਾਂ ਦਿਲਾਂ ਦਾ ਮਹਿਬੂਬ ਸੀ । ਇੰਜ ਉਹ ਆਪ ਵੀ ਲੱਖ ਕਰੋੜ ਸੀ ।

ਉਸ ਸੋਚਿਆ, ਉਹ ਇਹਨਾਂ ਲੋਕਾਂ ਨੂੰ ਕਿੰਨਾ ਪਿਆਰ ਕਰਦਾ ਹੈ ! ਇਹਨਾਂ ਲਈ ਆਪਣਾ ਸਭ ਕੁਝ ਵਾਰ ਕੇ ਵੀ ਇਹਨਾਂ ਨੂੰ ਖੁਸ਼ ਰਖਣਾ ਚਾਹੁੰਦਾ ਹੈ । ਇਹਨਾਂ ਦੀ ਕੋਈ ਵੀ ਗੱਲ ਉਹ ਮੋੜ ਨਹੀਂ ਸਕਦਾ । ਉਹ ਆਪ ਤਾਂ ਚਾਹੁੰਦਾ ਸੀ ਲੜਾਈ ਵਿਚ ਦੁਸ਼ਮਣ ਨਾਲ ਦੋ ਹੱਥ ਕਰੇ, ਪਰ ਉਸ ਦੇ ਇਹਨਾਂ ਪਿਆਰੇ ਸੰਗੀਆਂ ਨੇ ਕਿਹਾ ਸੀ, "ਕੌਮ ਨੂੰ ਤੁਹਾਡੀ ਲੋੜ ਹੈ । ਜਿਹੜੇ ਪੌਦੇ ਨੂੰ ਲਾਇਆ ਜੇ, ਉਹਨੂੰ ਅਜੀਤ, ਜੁਝਾਰ ਤੇ ਉਹਨਾਂ ਜਿਹੇ ਅਨੇਕਾਂ ਸੂਰਬੀਰਾਂ ਦਾ ਖੂਨ ਪੈ ਰਿਹਾ ਹੈ । ਪਰ ਮਾਲੀ ਤੁਸੀਂ ਜੇ । ਤੁਹਾਡੀ ਸਾਂਭ ਬਾਝੋਂ ਇਹ ਸੁੱਕ ਜਾਣਾ ਜੇ, ਮੁਰਝਾ ਜਾਣਾ ਜੇ । ਤੇ ਇਸ ਦੇ ਮੁਰਝਾ ਜਾਣ ਤੇ ਖਿੜ ਰਹੇ ਭਾਰਤੀ ਗਰੀਬ ਮਜ਼ਲੂਮ ਵੀ ਮੁਰਝਾ ਜਾਣੇ ਜੇ ਸਾਰੇ । ਇਸ ਨੂੰ ਜ਼ਿੰਦਾ ਰੱਖਣ ਲਈ, ਜਿਵੇਂ ਵੀ ਹੋ ਸਕਦੇ, ਗੜ੍ਹੀ ਛੱਡ ਦਿਉ ।"

ਅਖੀਰ ਉਸ ਨੂੰ ਕਹਿਣੀ ਮੰਨਣੀ ਪਈ ਸੀ । ਸੰਗਤ ਦੇ ਹੁਕਮ ਅਗੇ ਸਿਰ ਝੁਕਾਉਣਾ ਪਿਆ ਸੀ । ਪਰ ਚੁੱਪ-ਚਾਪ ਤੁਰ ਜਾਣਾ ਉਹਦੀ ਅੰਦਰਲੀ ਅਣਖ ਮੰਨੀ ਨਾ । ਤਾੜੀਆਂ ਮਾਰ ਕੇ, ਲਲਕਾਰ ਕੇ, ਵੰਗਾਰ ਕੇ, "ਸਿੱਖਾਂ ਦਾ ਪੀਰ ਚੱਲਿਆ ਜੇ । ਆਵੇ ਫੜ ਲਵੇ ।" ਕਹਿੰਦਾ ਉਹ ਮਰਦ ਕਾਲੀ ਰਾਤ ਵਿਚ ਦੁਸ਼ਮਣ ਦੀਆਂ ਸਫਾਂ ਨੂੰ ਚੀਰਦਾ ਨਿਕਲ ਆਇਆ ਸੀ, ਕਿਉਂਕਿ ਉਸ ਨੇ ਲਾਏ ਹੋਏ ਬੂਟੇ ਨੂੰ ਪਾਲਣਾ ਸੀ । ਉਸ ਨੂੰ ਹੋਰ ਪਿਆਰਨਾ ਸੀ । ਹੁਣ ਉਹ ਸੋਚ ਰਿਹਾ ਸੀ । ਉਸ ਦੇ ਸਾਥੀ ਠੀਕ ਹੀ ਕਹਿੰਦੇ ਸਨ; ਮਰ ਜਾਣ ਨਾਲੋਂ ਲੋਕਾਂ ਲਈ ਜਿਉਂਦੇ ਰਹਿ ਕੇ ਕੰਮ ਕਰਨਾ ਵਧੇਰੇ ਔਖਾ ਹੈ । ਤੇ ਉਸ ਨੇ ਪਿਆਰ ਦੇ ਰਾਹ ਤੇ ਤੁਰਦਿਆਂ ਇਸ ਕਠਿਨ ਕੰਮ ਨੂੰ ਕਰਨ ਦੀ ਸੁਗੰਧ ਚੁੱਕੀ ਸੀ । ਜੀਵਨ ਦੇ ਚੰਗੇ ਪਾਸੇ ਲਈ ਉਸ ਕੋਲ ਪਿਆਰ ਸੀ, ਸਨੇਹ ਸੀ । ਤੁਰਿਆਂ ਜਾਂਦਿਆਂ ਉਸ ਦੇ ਬੁਲ੍ਹ ਫਰਕ ਉੱਠੇ, "ਜਿਨ ਪ੍ਰੇਮ ਕੀਉ, ਤਿਨ ਹੀ ਪ੍ਰਭ ਪਾਇਉ ।'

ਉਪਰ ਆਕਾਸ਼ ਵਿਚ ਬੱਦਲ ਗਰਜਿਆ । ਬਿਜਲੀ ਦੀ ਤੇਜ਼ ਚਾਨਣੀ ਲਾਸ ਹਨੇਰੇ ਦੀ ਹਿੱਕ ਵਿਚ ਚੀਰ ਦੇ ਗਈ । ਉਹ ਤੁਰਦਾ ਤੁਰਦਾ ਇਕ ਪਲ ਲਈ ਅਟਕ ਗਿਆ । ਠੰਢੀ ਹਵਾ ਦਾ ਸੀਤ ਬੁਲਾ ਸੂਈਆਂ ਬਣ ਕੇ ਉਹਦੇ ਸਰੀਰ ਨੂੰ ਵਿੰਨ੍ਹ ਗਿਆ । ਕੱਕਰਾਂ ਦੀ ਠੰਢ ਸੀ । ਨੰਗੇ ਪੈਰ ਸੁੰਨ ਹੁੰਦੇ ਜਾ ਰਹੇ ਸਨ ਗਲ ਦਾ ਚੋਲਾ ਪਾਟ ਕੇ ਲੀਰੋ ਲੀਰ ਹੋਇਆ ਪਿਆ ਸੀ । ਮੱਖਣ ਵਰਗੇ ਸਰੀਰ ਤੇ ਝਰੀਟਾਂ ਵਰਗੀ ਠੰਢ ਦਾ ਅਕੜਾ ਚੜ੍ਹਦਾ ਪਿਆ ਸੀ । ਦਸੰਬਰ ਦੀ ਸਿਹ ਠੰਢ ਹਥ ਪੈਰ ਝਾੜਦੀ ਸੀ ।

ਬਿਜਲੀ ਚਮਕੀ ਤੇ ਉਹਦੀ ਮੁੱਠ ਵਿਚ ਘੁੱਟੀ ਕਿਰਪਾਨ ਲਿਸ਼ਕ ਉੱਠੀ । ਉਸ ਕਿਰਪਾਨ ਨੂੰ ਉਤਾਂਹ ਕਰ ਕੇ ਸੀਨੇ ਨਾਲ ਘੁੱਟ ਲਿਆ । ਇਸੇ ਕਿਰਪਾਨ ਨੇ ਹੀ ਭਾਰਤ ਦੀ ਹਨੇਰੀ ਵਿਚ ਚਾਨਣ ਦੀਆਂ ਕਿੰਨੀਆਂ ਰੁਸ਼ਨਾਈਆਂ ਸਨ । ਇਹ ਕਿਰਪਾਨ ਉਸ ਦੀ ਹਮੇਸ਼ਾ ਹਮੇਸ਼ਾ ਦੀ ਵਫਾਦਾਰ ਸਾਥਣ ਸੀ । ਜਿਹੜੀ ਜ਼ੁਲਮ ਦੇ ਕੂਲੇ ਪਿੰਡੇ ਤੇ ਹਰ ਵੇਲੇ ਵਜਣ ਲਈ ਤੜਪਦੀ ਸੀ ।

ਉਸ ਨੂੰ ਕੇਸਗੜ੍ਹ ਵਿਚ ਲਿਸ਼ਕਦੀ ਕਿਰਪਾਨ ਦਾ ਚੇਤਾ ਆਇਆ । ਇਹ ਪੰਜ ਸਿਰ ਮੰਗਦੀ ਸੀ । ਪ੍ਰੀਖਿਆ ਦਾ ਪਲਕਾਂ ਕਿੰਨਾ ਕਰੜਾ ਤੇ ਦਿਲ ਕੰਬਾ ਦੇਣ ਵਾਲਾ ਸੀ । ਇਕ ਪਲ ਲਈ ਉਹਦੀਆਂ ਅੱਖਾਂ ਅੱਗੇ ਉਹ ਦਿਨ ਆ ਗਿਆ । '... ਸੁੰਨ ਸਾਂ . ਚੁੱਪ ਚਾਪ...ਸੰਨਾਟਾ ...ਰੱਜ ਰੱਜ ਕੇ ਕੜਾਹ ਦੇ ਗੱਫੇ ਛਕਣ ਵਾਲੇ ਖਿਸਕਦੇ ਜਾ ਰਹੇ ਸਨ । ਸਹਿਮੇ ਸਹਿਮੇ...ਪੀਲੇ ਪੀਲੇ ਚਿਹਰੇ । ਸਦੀਆਂ ਦੀ ਗੁਲਾਮੀ ਦੇ ਪ੍ਰਤੀਕ !...ਪਰ ਹਿੰਮਤ ਕਦੇ ਮਰਦੀ ਨਹੀਂ । ਇਕ...ਦੋ.. ਤਿੰਨ, ਚਾਰ ਤੇ ਪੰਜ ..ਜਿਹੜੀ ਕੌਮ ਲਈ ਸੱਚੇ ਦਿਲੋਂ ਪੰਜ ਵਿਅਕਤੀ ਵੀ ਮਰਨ ਲਈ ਨਿੱਤਰ ਸਕਦੇ ਨੇ, ਉਹ ਕੌਮ ਕਦੀ ਮਰ ਨਹੀਂ ਸਕਦੀ । ਲੋੜ ਕਿਸੇ ਚੰਗੀ ਤੇ ਪਿਆਰੀ ਅਗਵਾਈ ਦੀ ਹੈ !... ਤੇ ਫਿਰ ਉਹ ਪੰਜਾਂ ਦਾ ਪਿਆਰਾ ਖੰਡੇ ਦੀ ਧਾਰ ਵਿਚੋਂ ਅੰਮ੍ਰਿਤ ਛਕਾ ਕੇ, ਪੰਜਾਂ ਨੂੰ ਗਿੱਦੜੋਂ ਸ਼ੇਰ ਬਣਾ ਰਿਹਾ ਸੀ । ਆਪੇ ਗੁਰੂ ਤੇ ਆਪੇ ਚੇਲਾ ਬਣ ਰਿਹਾ ਸੀ ।......'

ਮੁਸਕਰਾਉਂਦੀ ਕਿਰਪਾਨ ਨੇ ਉਸ ਦਿਨ ਜ਼ੁਲਮੀ ਖੂਨ ਦੀ ਸਿਆਹੀ ਨਾਲ ਕਲਮ ਦੀ ਨੋਕ ਬਣ ਕੇ ਨਵਾਂ ਇਤਿਹਾਸਕ ਕਾਂਡ ਲਿਖਣ ਦੀ ਕਸਮ ਚੁੱਕੀ ਸੀ । ਉਸ ਕਾਂਡ ਦੇ ਨਾਇਕ ਨੇ ਹਰ ਤਕਦੀਰ ਨੂੰ ਤੀਰ ਦੇ ਸਾਹਵੇਂ ਝੁਕਾਂ ਦੇਣ ਦਾ ਪ੍ਰਣ ਲਿਆ ਸੀ ।

ਉਫ !...ਤਿੱਖੀ ਸੂਲ ਪੈਰ ਵਿਚ ਚੁੱਭ ਗਈ । ਉਸ ਪੈਰ ਉਪਰ ਚੁੱਕ ਕੇ ਸੂਲ ਖਿੱਚਣੀ ਚਾਹੀ । ਪਰ ਉਹ ਪੈਰ 'ਚ ਜ਼ਿਆਦਾ ਧਸ ਚੁੱਕੀ ਸੀ । ਅੱਧ ਵਿਚ ਹੀ ਟੁੱਟ ਗਈ । ਖ਼ੂਨ ਨਾਲ ਉਹਦੀਆਂ ਉਂਗਲਾਂ ਤਿਲ੍ਹਕੀਆਂ ਹੋ ਗਈਆਂ । ਕਿਰਨ-ਮ-ਕਿਰਨੀ ਕੋਈ ਕੋਈ ਕਣੀ ਡਿਗ ਰਹੀ ਸੀ । ਇੰਜ ਲੱਗਦਾ ਸੀ; ਉਹਦੇ ਦੁੱਖ ਵਿਚ ਦੁਖੀ ਹੋ ਕੇ ਆਕਾਸ਼ ਵੀ ਰੋ ਪਿਆ ਸੀ । ਆਕਾਸ਼

IMPORTERS EXPORTERS WHOLESALERS RETAILERS

ROKKO SAREES & FABRICS 6201 FRASER ST. (at 46th Ave.) VANCOUVER - 15, B.C., CANADA. PHONE: 327-3033

OWNED AND OPERATED BY B. S. KHURANA AND SONS AND GRANDSONS

ਨ ਬਿਜਲੀ ਦੀ ਲਿਸ਼ਕ ਇਕ ਵਾਰ ਫਿਰ ਉਸ ਅਨੋਖੇ ਰਾਹੀ ਦਾ ਪਤਾ ਕਰਨ ਲਈ ਭੇਜੀ ਕਿ ਵੇਖੇ ਉਹ ਕਿਵੇਂ ਇਸ ਅੰਤਾਂ ਦੇ ਦੁੱਖ ਵਿਚ ਬਹੁੜੀ ਕਰ ਰਿਹਾ ਹੈ। ਕਿਵੇਂ ਸਾਰਾ ਪਰਿਵਾਰ, ਤਾਜ ਤਖ਼ਤ ਗਵਾ ਕੇ ਸਰਦੀ ਨਾਲ ਠੁਰ ਠੁਰ ਕਰਦਾ, ਜੰਗਲਾਂ ਵਿਚ ਭੌਂਦਾ, ਪੈਰਾਂ ਵਿਚ ਕੰਢੇ ਚੁਭਵਾਉਂਦਾ ਆਪਣੀ ਦੁੱਖਾਂ-ਭਰੀ ਜ਼ਿੰਦਗੀ ਤੇ ਤੁਰ ਰਿਹਾ ਹੈ।

ਬਿਜਲੀ ਦੀ ਲਿਸ਼ਕ ਉਸ ਦੇ ਚਿਹਰੇ ਤੇ ਪਈ। ਸਾਰੇ ਆਕਾਸ਼ ਦੇ ਜਿਵੇਂ ਹੈਰਾਨੀ ਵਿਚ ਦੰਦ ਜੁੜ ਗਏ। ਏਨੇ ਕਸ਼ਟਾਂ ਵਿਚ ਘਿਰਿਆ ਉਹ ਫਿਰ ਵੀ ਮੁਸਕਰਾ ਰਿਹਾ ਸੀ। ਚਿਹਰੇ ਤੇ ਕਿਸੇ ਅਜੀਬ ਉਤਸਾਹ ਦੀ ਲਾਲੀ ਸੀ। ਅੱਖਾਂ ਵਿਚ ਚਮਕ ਸੀ ਪਰ ਅੱਥਰੂਆਂ ਦੀ ਨਹੀਂ, ਸਗੋਂ ਹਰ ਔਕੜ ਨੂੰ ਘੁੱਟ ਕੇ ਗਲ ਨਾਲ ਲਾ ਮਿਲਣ ਦੀ। ਇਕ ਪਲ ਲਈ ਤੁਰਦੀ ਜਾਂਦੀ ਹਵਾ ਨੂੰ ਵੀ ਆਕਾਸ਼ ਨੇ ਹੱਥ ਦੇ ਕੇ ਰੋਕ ਲਿਆ। ਆਕਾਸ਼ ਤੇ ਹਵਾ ਗੱਲਾਂ ਵਿਚ ਜੁੱਟ ਪਏ ਸਨ। ਜੰਗਲ ਦਾ ਪੱਤਾ ਪੱਤਾ ਜਿਵੇਂ ਉਹਨਾਂ ਦੀਆਂ ਗੱਲਾਂ ਸੁਣਨ ਲਈ ਸ਼ਾਂਤ ਹੋ ਗਿਆ ਸੀ।

"......ਮੈਂ ਤਾਂ ਹੈਰਾਨ ਹਾਂ ਇਹ ਰਾਹੀ ਅਜੇ ਵੀ ਮੁਸਕਰਾਉਂਦਾ ਹੈ। ਜਿਵੇਂ ਕੁਝ ਹੋਇਆ ਈ ਨਹੀਂ ਹੁੰਦਾ। ਅਜੇ ਥੋੜ੍ਹੇ ਚਿਰ ਦੀ ਤਾਂ ਗੱਲ ਹੈ...।" ਆਕਾਸ਼ ਨੇ ਹਵਾ ਨੂੰ ਸੰਬੋਧਨ ਕੀਤਾ।

"ਕੀ ? ... ਕਿਹੜੀ ਗੱਲ ?" ਹਵਾ ਦੀਆਂ ਹੈਰਾਨੀ ਵਿਚ ਅੱਖਾਂ ਚੌੜੀਆਂ ਹੋ ਗਈਆਂ। ਉਹ ਜਿਵੇਂ ਇਕੋ ਵਾਰ ਹੀ ਸਭ ਕੁਝ ਪੁੱਛ ਲੈਣਾ ਚਾਹੁੰਦੀ ਸੀ।

"ਥੋੜ੍ਹੇ ਚਿਰ ਦੀ ਹੀ ਗੱਲ ਤਾਂ ਹੈ। ਤੂੰ ਵੀ ਵੇਖਿਆ ਹੋਵੇਗਾ ਆਪਣੀ ਅੱਖੀਂ ਚਮਕੌਰ ਦਾ ਸਾਰਾ ਨਜ਼ਾਰਾ ?"

"ਹਾਂ...ਹਾਂ... ਤੂੰ ਗੱਲ ਕਰ।"

"ਉਥੇ ਇਹਦੇ ਦੋ ਪੁੱਤਰ ਇਹਦੀਆਂ ਅੱਖਾਂ ਸਾਹਵੇਂ ਵੈਰੀ ਨਾਲ ਲੜਦਿਆਂ ਸ਼ਹੀਦ ਹੋ ਗਏ।..." ਗੱਲ ਅਜੇ ਆਕਾਸ਼ ਦੇ ਮੂੰਹ ਵਿਚ ਹੀ ਸੀ ਕਿ ਹਵਾ ਵਿਚੋਂ ਬੋਲ ਪਈ, "ਤੇ ਛੋਟੇ ਦੋ ਤੇ ਉਹਨਾਂ ਦੀ ਦਾਦੀ, ਜੋ ਇਹਦੀ ਮਾਂ ਹੈ, ਸਰਹੰਦ ਦੇ ਕੋਢੇ ਠੰਢੇ ਬੁਰਜ ਵਿਚ ਕੈਦ ਮੈਂ ਹੁਣੇ ਵੇਖ ਕੇ ਆ ਰਹੀ ਹਾਂ। ਛੱਡਣਾ ਉਹਨਾਂ ਨੂੰ ਵੀ ਕਿਸੇ ਨਹੀਂ...।"

ਆਕਾਸ਼ ਕੁਝ ਦੇਰ ਚੁੱਪ ਰਿਹਾ ਤੇ ਤੁਰੇ ਜਾਂਦੇ ਰਾਹੀ ਵੱਲ ਤੱਕਦਾ ਰਿਹਾ। ਹਵਾ ਉਸ ਦੇ ਮੂੰਹ ਵਲ ਵੇਖ ਰਹੀ ਸੀ। ਅਚਾਨਕ ਜਿਵੇਂ ਕੋਈ ਭੁੱਲੀ ਗੱਲ ਯਾਦ ਆ ਜਾਂਦੀ ਹੈ। ਆਕਾਸ਼ ਬੋਲ ਪਿਆ, "ਪੁੱਤ, ਦਿਲਾਂ ਦਾ ਲਹੂ ਪਾ ਕੇ ਜਵਾਨ ਕੀਤੀ ਛੋਤੀ ਹੁੰਦੇ ਹਨ। ਤੱਤੀ ਹਵਾ ਦਾ ਬੁੱਲਾ ਵੀ ਜਦੋਂ ਉਹਨਾ ਨੂੰ ਛੂੰਹਦੇ ਤਾਂ ਮਾਪਿਆਂ ਦੇ ਲਹੂ ਵਿਚ ਜਿਵੇਂ ਕੀੜੀਆਂ ਤੁਰਨ ਲੱਗ ਪੈਂਦੀਆਂ ਹਨ। ਉਹਨਾਂ ਦਾ ਸੀਨਾ ਦਰਦ ਨਾਲ ਪੀੜ ਪੀੜ ਹੋ ਉੱਠਦਾ ਹੈ।...ਪਰ ਤੂੰ ਵੇਖਿਆ ਸੀ ਕਿਵੇਂ ਵੱਡੇ ਪੁੱਤਰ ਨੂੰ ਪਹਿਲਾਂ ਇਸ ਨੇ ਦਸਤਾਰ ਤੇ ਕਲਗੀ ਲਾ ਕੇ ਸ਼ਿੰਗਾਰਿਆ। ਫਿਰ ਸ਼ਸਤਰਾਂ ਨਾਲ ਸਜਾਇਆ। ਆਪ ਹੱਥ ਵਿਚ ਤਲਵਾਰ ਫੜਾਈ। ਘੁੱਟ ਕੇ ਛਾਤੀ ਨਾਲ ਲਾਇਆ, ਚੁੰਮਿਆ ਤੇ ਹਸਦੇ ਹਸਦੇ ਦੂਸਰਿਆਂ ਸਿਘਾਂ ਦੇ ਰੋਕਦਿਆਂ ਰੋਕਦਿਆਂ ਵੀ ਆਪਣੇ ਲਾਲ ਨੂੰ ਦੱਸ ਲੱਖ ਦੁਸ਼ਮਣ ਨਾਲ ਲੜਨ ਲਈ ਭੇਜ ਦਿਤਾ ਤੇ ਸਿੰਘਾਂ ਨੂੰ ਕਹਿਣ ਲੱਗਾ, "ਮੇਰੇ ਪੁੱਤਰ ਜੇ ਸਭ ਤੋਂ ਪਹਿਲਾਂ ਨਹੀਂ ਤਾਂ ਸਭ ਤੋਂ ਅਖੀਰ ਵਿਚ ਸ਼ਹੀਦ ਹੋਣ ਲਈ ਵੀ ਨਹੀਂ ਰੱਖੇ ਜਾ ਸਕਦੇ...।"

ਅਟਕ ਅਟਕ ਕੇ ਆਕਾਸ਼ ਇਹ ਸਭ ਕੁਝ ਕਹਿ ਗਿਆ। ਅੱਗੋਂ ਉਹਦੀ ਜ਼ਬਾਨ ਕੁਝ ਕਹਿਣ ਤੋਂ ਰੁੱਕ ਗਈ। ਸ਼ਾਇਦ ਉਹ ਸੋਚ ਰਿਹਾ ਸੀ ਕਿ ਕੋਈ ਕਿਵੇਂ ਆਪਣੇ ਮੱਖਣਾਂ ਨਾਲ ਪਾਲੇ ਪੁੱਤਰ ਨੂੰ ਹੱਸਦਿਆਂ, ਮੁਸਕਰਾਂਦਿਆਂ ਮੌਤ ਦੇ ਮੂੰਹ ਵਲ ਤੋਰ ਸਕਦਾ ਹੈ।

"ਹਾਂ...ਹਾਂ.. ਮੈਂ ਇਹ ਸਾਰਾ ਆਪ ਪਈ ਤੱਕਦੀ ਸਾਂ। ਅੜਿਆ! ਪਤਾ ਨਹੀਂ ਇਹਦੇ ਪੁਤਰ ਤੇ ਸਿਪਾਹੀ ਵੀ ਕਿਹੜੀ ਮਿਟੀ ਦੇ ਬਣੇ ਹੋਏ ਸਨ। ਕਿੰਨੀ ਲਾਲੀ ਤੇ ਚਾਅ ਸੀ ਇਹਦੇ ਪੁੱਤਰਾਂ ਦੇ ਚਿਹਰਿਆਂ ਤੇ। ਗੁਲਾਬ ਦੇ ਫੁੱਲ ਵਾਂਗ ਜਿਵੇਂ ਟਹਿਕ ਪਏ ਸਨ। ਲੜਾਈ ਦੇ ਮੈਦਾਨ ਵਿਚ ਵੀ ਤਲਵਾਰਾਂ ਤੇ ਨੇਜ਼ੇ ਖਾਂਦੇ ਸਨ ਤਾਂ ਲਹੂ ਦੀ ਤਤੀਰੀ ਛੁੱਟਦੀ ਸੀ। ਪਤਾ ਨਹੀਂ ਉਹਨਾ ਦੇ ਡੁਲ੍ਹੇ ਲਹੂ ਵਿਚ ਕਿਹੜੀ ਮਹਿਕ ਸੀ, ਮੈਂ ਉਦੋਂ ਦੀ ਸੁਗੰਧਤ ਹੋਈ ਪਈ ਹਾਂ। ਥਾਂ ਥਾਂ ਤੇ ਬਾਵਰੀ ਹੋਈ ਭੱਜੀ ਫਿਰਦੀ ਹਾਂ। ਦਿਲ ਕਰਦਾ ਹੈ, ਹਰ ਕੋਈ ਮੇਰੀ ਉਸ ਖ਼ੂਨ ਭਿੱਜੀ ਸੁਗੰਧੀ ਵਿਚ ਸਾਹ ਲਵੇ ਤੇ ਉਹਦਾ ਖ਼ੂਨ ਵੀ ਇਹਦੇ ਲਾਲਾਂ ਵਰਗਾ ਰੰਗਲਾ ਹੋ ਉਠੇ! ਉਸ ਸੁਗੰਧੀ ਵਿਚ ਸਾਹ ਲੈਣ ਵਾਲਾ ਵੀ ਇੰਜ ਹੀ ਆਪਣੀ ਪਿਆਰੀ ਧਰਤੀ ਦੀ ਇੱਜ਼ਤ ਅਤੇ ਅਣਖ ਲਈ ਲੜ ਸਕੇ।......।" ਹਵਾ ਦੇ ਦਿਲ ਵਿਚ ਕਿੰਨਾ ਕੁਝ ਭਰਿਆ ਪਿਆ ਸੀ।

"ਸ਼ੁਕਰ ਏ! ... ਤੂੰ ਮੇਰਾ ਨਾਂ ਵੀ ਲਿਆ ਏ।" ਕੋਈ ਤੀਸਰਾ ਉਹਨਾ ਦੀਆਂ ਗੱਲਾਂ ਵਿਚ ਸ਼ਾਮਲ ਹੋ ਗਿਆ ਸੀ।

"ਤੂੰ ਕੌਣ ਏਂ ?" ਹਵਾ ਤੇ ਆਕਾਸ਼ ਇਕੱਠੇ ਬੋਲ ਪਏ।

"ਮੈਂ ?...ਮੈਂ ਭਾਰਤ ਦੀ ਦੁੱਖਾਂ ਮਾਰੀ ਧਰਤੀ ਹਾਂ। ਇਹ ਮੇਰਾ ਹੀਰਾ ਪੁੱਤਰ ਮੇਰਾ ਦੁੱਖ ਨਹੀਂ ਸਹਾਰ ਸਕਿਆ। ਮੇਰੇ ਦੂਜੇ ਪੁੱਤਰਾਂ ਦੀ ਪੀੜ ਨਹੀਂ ਸਹਿ ਸਕਿਆ। ਮੇਰੇ ਤੇ ਆਪਣੇ ਭਰਾਵਾਂ ਦੇ ਸੁੱਖ ਬਦਲੇ ਇਸ ਨੇ ਆਪਣੇ ਪੁੱਤਰ ਵਾਰ ਦਿੱਤੇ ਨੇ। ਮੇਰੇ ਹਰ ਹੰਝੂ ਵਿਚ ਇਹਦੇ ਪੁੱਤਾਂ ਪਿਆਰਿਆਂ ਦਾ ਖ਼ੂਨ ਰਚ ਗਿਆ ਹੈ। ਮੈਂ ਆਪਣੇ ਇਸ ਛਿੰਦੇ ਪੁੱਤ ਤੋਂ ਕੁਰਬਾਨ ਜਾਂਦੀ ਹਾਂ। ਇਸ ਸੋਹਣੇ ਲਾਲ ਤੋਂ ਸਦਕੜੇ ਜਾਂਦੀ ਹਾਂ।" ਇਕ ਦਮ ਧਰਤੀ ਦੀਆਂ ਬੁਲ੍ਹੀਆਂ ਬੰਦ ਹੋ ਗਈਆਂ। ਉਹਦਾ ਪੁੱਤਰ ਕਿਸੇ ਇੱਟ ਨਾਲ ਠੇਡਾ ਲੱਗਣ ਕਰ ਕੇ ਡਿੱਗ ਪਿਆ ਸੀ। ਪੈਰ ਦੇ ਅੰਗੂਠੇ ਦਾ ਨਹੁੰ ਸੱਟ ਨਾਲ ਉੱਖੜ ਗਿਆ। ਉਹ ਉੱਠਿਆ। ਸੂਲਾਂ ਤੇ ਕੰਡਿਆਂ

MOVIES FOREIGN EXCHANGE CONCERT
**SIHOTA DISTRIBUTORS**
MANAGER KARTAR SINGH AHLUWALIA
3483 KINGSWAY, VANCOUVER, B.C., PHONE: 438-1304
CANADA. V5R 5L5 324-2557

ਵਾਲੇ ਝਾੜਾਂ ਵਿਚ ਉਹਦਾ ਸਰੀਰ ਪੱਛਿਆ ਗਿਆ ਸੀ। ਬਾਜਾਂ ਵਾਲਾ, ਤਾਜਾਂ ਵਾਲਾ, ਸ਼ਾਹੀ ਵਰਦੀਆਂ ਵਾਲਾ, ਕਲਗੀਆਂ ਵਾਲਾ ਅੱਜ ਸਭ ਕਾਸੇ ਤੋਂ ਬਿਨਾਂ ਤੁਰਿਆ ਜਾ ਰਿਹਾ ਸੀ। ਕੋਈ ਚੀਜ਼ ਕੋਲ ਨਹੀਂ ਸੀ। ਕੇਵਲ ਇਕੋ ਕਿਰਪਾਨ ਕੋਲ ਸੀ, ਜਿਸ ਨੂੰ ਉਹ ਕਿਸੇ ਮਾਸ਼ੂਕ ਵਾਂਗੂ ਪਲ ਪਲ ਪਿਛੋਂ ਚੁੰਮਦਾ ਸੀ।

ਰਾਤ ਅੱਧੀ ਤੋਂ ਉੱਪਰ ਬੀਤ ਚੁੱਕੀ ਸੀ। ਤੁਰਦਾ ਉਹ ਥੱਕ ਗਿਆ। ਇਕ ਰੁੱਖ ਹੇਠਾਂ ਬੈਠ ਗਿਆ। ਨੀਂਦ ਨਾਲ ਹਦੋਂ ਬਦੀ ਪਲਕਾਂ ਮੋਚੀਦੀਆਂ ਜਾ ਰਹੀਆਂ ਸਨ। ਉਸ ਲਾਗੋਂ ਹੀ ਇਕ ਪੱਥਰ ਚੱਕਿਆ। ਚੁੱਕ ਕੇ ਤੁਰਨ ਲੱਗਾ ਤਾਂ ਪੈਰ ਹੇਠਾਂ ਕੋਈ ਬੜੀ ਹੀ ਕੂਲੀ ਤੇ ਨਰਮ ਜਿਹੀ ਚੀਜ਼ ਆ ਗਈ। ਛੇਤੀ ਨਾਲ ਪੈਰ ਚੁੱਕ ਕੇ ਉਹਨੇ ਗਹੁ ਨਾਲ ਤੱਕਿਆ। ਇਕ ਲੰਮਾ ਸਾਰਾ ਸੱਪ ਹਨੇਰੇ ਵਿਚ ਪਰ੍ਹਾਂ ਨੂੰ ਤਿਲਕਦਾ ਜਾ ਰਿਹਾ ਸੀ। ਉਹ ਮੁਸਕਰਾ ਪਿਆ। ਪੱਥਰ ਹੇਠਾਂ ਰੱਖ ਕੇ ਉਹਦੇ ਉਪਰ ਬੈਠ ਗਿਆ। ਜੰਗਲ ਦੀ ਉਜਾੜ ਵਿਚ ਕੋਈ ਭਿਆਨਕ ਜਾਨਵਰ ਬੋਲਿਆ, ਤੇ ਫਿਰ ਚੁੱਪ ਹੋ ਗਈ।

"ਅੜੀਏ! ਵੇਖ ਸੱਪ ਨੂੰ ਕੁਝ ਵੀ ਨਹੀਂ ਸੂ ਕਿਹਾ। ਸੱਪ ਪਰ੍ਹੇ ਤੁਰ ਗਿਆ ਏ ਨਾ, ਤਦ ਕਰਕੇ। ਨਾਲੇ ਇਹ ਤਾਂ ਜ਼ੁਲਮ ਦੇ ਨਾਗਾਂ ਦੀਆਂ ਸਿਰੀਆਂ ਫੇਹਣ ਲਈ ਜੰਮਿਐਂ।" ਹਵਾ ਨੇ ਧਰਤੀ ਨੂੰ ਕਿਹਾ।

"ਹਾਂ......ਮੈਂ ਇਸ ਨੂੰ ਬੜੀ ਚੰਗੀ ਤਰ੍ਹਾਂ ਜਾਣਦੀ ਹਾਂ, ਇਹ ਕਿਸੇ ਨੂੰ ਡਰ ਨਹੀਂ ਦਿੰਦਾ। ਪਰ ਕਿਸੇ ਦਾ ਡਰ ਮੰਨਦਾ ਵੀ ਨਹੀਂ। ਇਸ ਸੱਪ ਨੇ ਉਹਨੂੰ ਡਰਾਇਆ ਨਹੀਂ। ਸਗੋਂ ਸੱਪ ਤਾਂ ਪਾਸੇ ਹੋ ਤੁਰਿਐ। ਇਹ ਉਸ ਨੂੰ ਕਾਹਨੂੰ ਕੁਝ ਆਖਗਾ। ਬੜਾ ਹੀ ਚੰਗਾ ਮੇਰਾ ਲਾਲ, ਮੇਰਾ ਗੋਬਿੰਦ।" ਇਹ ਕਹਿੰਦਿਆਂ ਧਰਤੀ ਦੀ ਹਿੱਕ ਮਣਾਂ-ਮੂੰਹੀਂ ਚਾਅ ਅਤੇ ਮਾਣ ਨਾਲ ਲੱਦੀ ਪਈ ਸੀ। ਉਹਨੂੰ ਆਪਣੇ ਪੁੱਤਰ ਉੱਤੇ ਅੰਤਾਂ ਦਾ ਮਾਣ ਸੀ। "ਇਹ ਤਾਂ! ਜਾਬਰਾਂ ਤੇ ਧੱਕਾ ਕਰਨ ਵਾਲਿਆਂ ਦਾ ਮੂੰਹ ਭੰਨਦੇ।"

"ਆਹੋ ਭੈਣਾ! ਡਰ ਤਾਂ ਇਹਦੇ ਵੱਡਿਆਂ ਵਡੇਰਿਆਂ ਵੀ ਨਹੀਂ ਕਿਸੇ ਦਾ ਮੰਨਿਆ। ਫਿਰ ਇਹ ਕਿਵੇਂ ਮੰਨੇ? ਪਤਾ ਈ ਨਾ ਤੂੰ ਵੀ ਉਦੋਂ ਮੇਰੇ ਨਾਲ ਰੋ ਉੱਠੀ ਸੈਂ.........।" ਆਕਾਸ਼ ਧਰਤੀ ਨੂੰ ਕਹਿ ਰਿਹਾ ਸੀ। ਫਿਰ ਉਸ ਨੇ ਹਵਾ ਨੂੰ ਕਿਹਾ, "ਤੂੰ ਵੀ ਉਸ ਦਿਨ ਦੁਖੀ ਹੋ ਕੇ ਬੜੇ ਵਰੋਲੇ ਖਾਧੇ ਸੀ। ਗੱਲ ਹੈ ਈ ਦੁਖੀ ਹੋਣ ਵਾਲੀ ਸੀ.........।"

"ਕਿਹੜੀ ਗੱਲ ਪਿਆ ਕਰਦਾ ਏਂ ਤੂੰ?" ਹਵਾ ਨੇ ਵਿਚੋਂ ਟੋਕ ਕੇ ਪੁੱਛਿਆ।

"ਇਹਦੇ ਪਿਤਾ ਦੀ। ਜਦੋਂ ਉਸ ਨੇ ਕਿਸੇ ਜ਼ਾਲਮ ਦਾ ਡਰ ਨਹੀਂ ਸੀ ਮੰਨਿਆ ਤੇ ਹੱਸਦਿਆਂ ਹੱਸਦਿਆਂ ਆਪਣੇ ਲੋਕਾਂ ਲਈ ਆਪਣਾ ਸੀਸ ਕਟਾ ਦਿੱਤਾ ਸੀ.........।" ਆਕਾਸ਼ ਨੇ ਕਿਹਾ।

"ਇਹਦੇ ਵੱਡਿਆਂ ਦੀਆਂ ਕਿਆ ਗੱਲਾਂ ਕਰਦੇ ਓ। ਇਹਦਾ ਪੜਦਾਦਾ ਜ਼ੁਲਮ ਨਾਲ ਲੜਦਾ ਤੱਤੀਆਂ ਤਵੀਆਂ ਤੇ ਭੁੱਜ ਗਿਆ, ਪਰ ਸੀ ਨਾ ਆਖੀ। ਜ਼ੁਲਮ ਵਿਰੁੱਧ ਲੜਨਾ ਤਾਂ ਇਹਨੂੰ ਵਿਰਸੇ 'ਚ ਮਿਲਿਆ। ਇਹ ਕਿਉਂ ਨਾ.........।" ਧਰਤੀ ਕਹਿੰਦੀ ਕਹਿੰਦੀ ਰੁਕ ਗਈ। ਹਵਾ ਨੇ ਉਸ ਦੇ ਬੁੱਲ੍ਹਾਂ ਤੇ ਉਂਗਲ ਰੱਖ ਕੇ ਉਹਨੂੰ ਚੁੱਪ ਹੋ ਜਾਣ ਲਈ ਕਿਹਾ ਸੀ।

ਧਰਤੀ ਦਾ ਪੁੱਤਰ ਗਾ ਰਿਹਾ ਸੀ। ਕੇਹਾ ਦਰਦ! ਕੇਹਾ ਸੋਜ਼! ਉਹਦੀ ਆਵਾਜ਼ ਵਿਚ ਸੀ। ਹਰ ਸ਼ਬਦ ਵਿਚ ਨਵਾਂ ਉਤਸ਼ਾਹ ਸੀ, ਨਵਾਂ ਭਰੋਸਾ ਤੇ ਸਿਦਕ ਸੀ। ਜੰਗਲ ਦੀਆਂ ਉਜਾੜਾਂ ਵਿਚ ਉਹਦੀ ਸੰਤੁਸ਼ਟ ਤੇ ਸੰਗੀਤਕ ਆਵਾਜ਼ ਤਾਰੀਆਂ ਲਾ ਉੱਠੀ। ਵਾਤਾਵਰਣ ਨਿੱਘਾ ਜਿਹਾ ਹੋ ਗਿਆ। ਪੱਥਰ ਤੇ ਬੈਠਾ ਉਹ ਗਾਈ ਜਾ ਰਿਹਾ ਸੀ:

"ਮਿਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ।
ਤੁਧੁ ਬਿਨੁ ਰੋਗੁ ਰਜਾਈਆਂ ਦੇ ਓਢਣ
ਨਾਗ ਨਿਵਾਸਾਂ ਦਾ ਰਹਿਣਾ।
ਸੂਲ ਸੁਰਾਹੀ, ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।......"

ਹੌਲੀ ਹੌਲੀ ਅੰਤਲੀ ਤੁਕ ਉਸ ਖ਼ਤਮ ਕੀਤੀ। ਜਿਵੇਂ ਕੁਲ ਕੁਲ ਕਰਦਾ ਝਰਨਾ ਨਿਵਾਣ ਵੱਲ ਵਹਿ ਪਿਆ ਹੋਵੇ। ਫਿਰ ਗੁਣਗੁਣਾਉਂਦਾ ਹੋਇਆ ਬਾਂਹ ਸਿਰਹਾਣੇ ਦੇ ਕੇ ਸੌਂ ਗਿਆ। ਹੇਠਾਂ ਸੂਲਾਂ ਸਨ, ਕੰਡੇ ਸਨ। ਸਿਦਕ ਨਾਲ ਉਹਦੀ ਛਾਤੀ ਨੱਕੋ-ਨੱਕ ਭਰੀ ਪਈ ਸੀ। ਕਿਰਪਾਨ ਉਹਦੀ ਛਾਤੀ ਉਪਰ ਉਹਦੇ ਕੋਲ ਸੀ। ਉਹ ਬੜੀ ਗੂੜ੍ਹੀ ਨੀਂਦ ਵਿਚ ਸੌਂ ਗਿਆ ਸੀ।

"ਹਾਇ! ਨੀ ਮੈਂ ਘੋਲ-ਘੱਤੀ ਇਸ ਤੋਂ।......ਅੜੀਏ! ਏਨਾ ਸਿਦਕ!...।" ਹਵਾ ਦਾ ਇਹ ਕਹਿੰਦਿਆਂ ਗਲ ਭਰ ਆਇਆ। ਅੱਥਰੂ ਉਹਦੇ ਨੈਣਾਂ ਵਿਚ ਅਟਕ ਗਏ।

"ਨੀ ਸਿਦਕ ਵੀ ਇਹਨੂੰ ਵਿਰਸੇ 'ਚ ਮਿਲਿਐ। ਵੀਰ ਸੂਰਜ ਨੂੰ ਆ ਲੈਣ ਦੇ, ਉਸ ਨੂੰ ਪੁੱਛ ਵੇਖੀਂ। ਅਸਮਾਨ ਨੂੰ ਵੀ ਪੁੱਛ ਲੈ। ਪਰ ਤੈਨੂੰ ਕਿਹੜਾ ਭੁਲਿਐ ਇਹਦੇ ਪੜਦਾਦੇ ਦਾ ਹਾਲ......।" ਧਰਤੀ ਉਹਨੂੰ ਚੇਤਾ ਕਰਾ ਰਹੀ ਸੀ।

"ਨੀ ਜਾਣਦੀ ਹਾਂ ਚੰਗੀ ਤਰ੍ਹਾਂ। ਤੱਤੀ ਲੋਹ ਉਤੇ ਬੈਠਾ, ਹੇਠਾਂ ਭਾਂਬੜ ਮਚਦੇ। ਸਿ[illegible] ਵਿਚ ਤੱਤੀ ਰੇਤਾ ਪੈਂਦੀ। ਅਜੇ ਵੀ ਮੈਨੂੰ ਉਸੇ ਤਰ੍ਹਾਂ ਦਿਸ ਰਿਹੈ। ਆਪਣੇ ਮੁਸਲਮਾਨ ਫ਼ਕੀ[illegible]

MOVIES FOREIGN EXCHANGE CONCERT
**SIHOTA DISTRIBUTORS**
3483 KINGSWAY, VANCOUVER, B.C., PHONE: 438-1304
CANADA V5R 5L5 324-2557
MANAGER KARTAR SINGH AHLUWALIA

ORIENTAL SILVER and GOLD JEWELRY REPAIRING

NEW STORE

**_Bharti Art Jewellers_**

**Specialist in East Indian Jewelry Craftware**

RASIK PAREKH
Store: 324-4530 7272 MAIN ST. AT 57TH AVE.
Res: 321-1842 VANCOUVER 15. B.C. CANADA.

ਸਾਥੀ ਨੂੰ ਕਹਿੰਦਾ ਨਜ਼ਰ ਆ ਰਿਹਾ ਹੈ, "ਤੇਰਾ ਕੀਆ ਮੀਠਾ ਲਾਗੈ, ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ।"

ਆਕਾਸ਼ ਬੜੇ ਚਿਰਾਂ ਤੋਂ ਚੁੱਪ ਸੀ । ਉਹ ਵੀ ਬੋਲ ਪਿਆ, "ਇਹ ਮਰਦ ਹੈ । ਇਸ ਵਿਚ ਮਰਦਾਂ ਦਾ ਖ਼ੂਨ ਹੈ । ਉਹ ਖ਼ੂਨ ਜਿਹੜਾ ਜ਼ੁਲਮ ਸਾਹਵੇਂ ਡਟ ਜਾਣ ਦੀ ਹਿੰਮਤ ਰੱਖਦਾ ਹੈ । ਮਰਦਾਂ ਦੇ ਪੁੱਤਰ ਮਰਦ ਹੀ ਹੁੰਦੇ ਹਨ । ਇਹਦੇ ਆਪਣੇ ਹੀ ਪੁੱਤਰਾਂ ਨੂੰ ਵੇਖ ਲਉ ।" ਇਕ ਪਲ ਅਟਕ ਕੇ ਉਹ ਫਿਰ ਬੋਲਿਆ, "ਮੇਰੀ ਗੱਲ ਯਾਦ ਰਖਿਓ । ਇਹਦੇ ਸਿਪਾਹੀ ਆਉਣ ਵਾਲੇ ਇਤਿਹਾਸ ਵਿਚ ਇਸ ਹੀ ਸੱਚ ਨੂੰ ਪਿਆਰਦੇ ਰਹਿਣਗੇ ਤੇ ਜ਼ੁਲਮ ਦਾ ਨਾਸ਼ ਕਰਨ ਲਈ ਜਾਨਾਂ ਵਾਰਦੇ ਰਹਿਣਗੇ ।"

ਹਵਾ ਬੋਲ ਪਈ, "ਤੂੰ ਠੀਕ ਆਖਦਾ ਏਂ । ਬਿਲਕੁਲ ਠੀਕ । ਜ਼ੁਲਮ ਕਿਤੇ ਹੁਣੇ ਮਰ ਨਹੀਂ ਜਾਣਾ । ਜ਼ੁਲਮ ਨਾਲ ਲੜਨ ਲਈ ਅਜੇ ਇਹ ਆਪ ਜਿੰਦਾ ਹੈ ਤੇ ਫਿਰ ਇਹਦੀ ਰੂਹ ਦੀ ਪ੍ਰੇਰਨਾ ਤੇ ਇਹਦੀ ਸੰਤਾਨ ਵੀ ਜ਼ੁਲਮ ਨਾਲ ਲੜੇਗੀ । ਚੰਗਿਆਈ ਤੇ ਬੁਰਿਆਈ ਦੀ ਲੜਾਈ ਬੜੀ ਲੰਮੀ ਹੈ । ਆਪਾਂ ਅਜੇ ਬੜਾ ਕੁਝ ਹੋਰ ਵੇਖਣਾ ਹੈ । ਇਹਨੇ ਅਜੇ ਬੜਾ ਕੁਝ ਹੋਰ ਕਰਨਾ ਹੈ । ਕਹਿੰਦੀ ਕਹਿੰਦੀ ਹਵਾ ਤੁਰ ਪਈ ।

ਆਕਾਸ਼ ਦੀ ਹਿੱਕ ਵਿਚੋਂ ਚੜ੍ਹਦੇ ਪਾਸੇ ਲਾਲੀ ਉੱਭਰ ਪਈ । ਚਿੜੀਆਂ ਚਹਿਚਹਾ ਉਠੀਆਂ । ਉਸ ਮਰਦ ਅਗੰਮੜੇ ਨੇ ਵੀ ਅੱਖਾਂ ਖੋਲ੍ਹੀਆਂ ; ਕਿਰਪਾਨ ਉਹਦੀ ਮੁੱਠ ਵਿਚ ਫਸੀ ਪਈ ਸੀ । ਚੜ੍ਹਦੀ ਊਸ਼ਾ ਦੀ ਲਾਲੀ ਨੇ ਕਿਰਪਾਨ ਨੂੰ ਵੀ ਲਾਲ ਸੂਹਾ ਕਰ ਦਿੱਤਾ ਸੀ । ਉਸ ਅੰਗੜਾਈ ਭਰੀ ਤੇ ਉੱਠ ਕੇ ਖੜੋ ਗਿਆ । ਕਿਰਪਾਨ ਨੂੰ ਚੁੰਮ ਕੇ ਬੁਲ੍ਹਾਂ ਕੋਲ ਲਿਆਂਦਾ ਤੇ ਦੋਵੇਂ ਬੁਲ੍ਹ ਉਹਦੇ ਉੱਪਰ ਰੱਖ ਦਿੱਤੇ ।

'ਪੁੱਤ' ਦੀ ਆਵਾਜ਼ ਆਈ ਤੇ ਉਹ ਅਨੰਦਪੁਰ ਰਾਹੀ ਹੱਥ ਵਿਚ ਕ੍ਰਿਪਾਨ ਘੁਮਾਉਂਦਾ ਅੱਗੇ ਤੁਰ ਪਿਆ । ਜਿਵੇਂ ਅਟਕਣਾ ਉਸ ਦਾ ਕੰਮ ਨਹੀਂ, ਜੰਗਲਾਂ ਨੂੰ ਚੀਰਦੇ ਤੁਰੇ ਜਾਣਾ ਹੀ ਉਹਦਾ ਆਦਰਸ਼ ਹੈ । ●

## ਗੱਲ ਛੋਟੀ ਹੈ ਪਰ.........

—ਹੰਸ ਰਾਜ ਅਰੋੜਾ

### ਅਮਲ

ਕੱਲ੍ਹ ਸ਼ਾਮ ਨੂੰ ਸ਼ਹਿਰ ਦੇ ਵੱਡੇ ਮੈਦਾਨ ਵਿਚ ਇਕ ਨੇਤਾ ਨੇ ਨਾਹਰਾ ਲਗਾਇਆ—"ਗ਼ਰੀਬੀ ਹਟਾਓ" ਅਗਲੀ ਸਵੇਰ ਫੁੱਟ ਪਾਥਾਂ ਤੋਂ ਸਾਰੇ ਗ਼ਰੀਬ ਹਟਾ ਦਿੱਤੇ ਗਏ ।

### ਸੁਧਾਰਕ

ਮੁਹੱਲੇ ਵਿਚ ਸ਼ੋਰ ਸੀ । ਮੁੰਡੇ ਕਿਸੇ ਨੂੰ ਘੇਰੀ ਖੜੇ ਸਨ । ਇਕ ਮੁੰਡਾ ਬਹੁਤ ਜ਼ੋਰ ਜ਼ੋਰ ਦੀ ਬੋਲ ਰਿਹਾ ਸੀ—'ਵੱਢ ਕੇ ਰੱਖ ਦਿਆਂਗਾ, ਕੰਜਰਾ, ਦੂਜੇ ਮੁਹੱਲੇ ਵਿਚ ਕੁੜੀਆਂ ਛੇੜਦੈਂ ।'

ਦੂਜਾ ਪ੍ਰਤੀਵਾਦ ਕਰਦਾ ਸੀ, ਪਰ ਉਸਦੀ ਸੁਣੇ ਕੌਣ ?

'ਇਹ ਕੀ ਹੋ ਰਿਹੈ, ਇਥੇ ?' ਪਰਸਨੇ ਪੁੱਛ ਪਾਈ ।

ਮੁੰਡੇ ਕਿਸੇ ਨੂੰ ਘੇਰੀ ਖੜੇ ਨੇ, ਜੋ ਇਧਰ ਕੁੜੀਆਂ ਛੇੜ ਰਿਹਾ ਸੀ ।

'ਉਹ ਮੁੰਡਾ ਕੌਣ ਹੈ, ਜੋ ਜ਼ੋਰ ਜ਼ੋਰ ਦੀ ਬੋਲ ਰਿਹੈ ?' ਪਰਸਨੇ ਦੂਜਾ ਸੁਆਲ ਕੀਤਾ ।

'ਉਹ ਤਾਂ ਸਿਆਮਲ ਹੈ ।'

'ਸਿਆਮਲ ਕੌਣ ?'

'ਉਹੀ ਜਿਸਦੀ ਭੈਣ ਪਰਸੋਂ ਕਿਸੇ ਨਾਲ ਨੱਸ ਗਈ ਹੈ ।'

### ਪ੍ਰਗਤੀਸ਼ੀਲ

ਉਹ ਪ੍ਰਗਤੀਸ਼ੀਲ ਸਨ । ਅਜੋਕੇ ਵਾਤਾਵਰਨ ਤੋਂ ਕਈ ਵਰ੍ਹੇ ਅਗਾਂਹ । ਬੁੱਧੀਜੀਵੀ ਉਹਨਾਂ ਨੂੰ ਪ੍ਰਗਤੀਸ਼ੀਲ ਮੰਨਦੇ ਅਤੇ ਮੈਂ ਵੀ । ਮੈਂ ਅਕਸਰ ਉਨ੍ਹਾਂ ਨਾਲ ਗੱਲਾਂ ਦੀ ਸਾਂਝ ਲਈ ਉਹਨਾਂ ਕੋਲ ਜਾਂਦਾ ਸੀ । ਉਹ ਕਹਿੰਦੇ—'ਤੁਸੀਂ ਸਭ ਕਲਪਨਾ ਵਿਚ ਰੁੱਝੇ ਹੋ, ਹਕੀਕਤ ਨਾਲੋਂ ਟੁੱਟ ਗਏ ਹੋ । ਤੁਹਾਡੀਆਂ ਲਿਖਤਾਂ ਵਿਚ 'ਜਨ-ਜੀਵਨ' ਦੀ ਸਚਾਈ ਨਹੀਂ, ਉਸ ਬਾਰੇ ਕਲਪਨਾ ਹੀ ਕਲਪਨਾ ਹੈ । ਅਗਾਂਹ-ਵਧੂ ਹੋਣਾ ਕੋਈ ਮਖੌਲ ਨਹੀਂ । ਇਸ ਲਈ ਹਿੰਮਤ ਚਾਹੀਦੀ ਹੈ । ਤੁਸੀਂ ਸਭ ਕਮਜ਼ੋਰ ਹੋ । ਮੈਨੂੰ ਦੇਖੋ । ਸਭ ਪਾਸੇ ਤੋਂ ਅਭਿੱਜ ਤੇ ਥੋਥੀਆਂ ਗੱਲਾਂ ਤੋਂ ਉੱਪਰ ਉੱਠ ਕੇ ਅਗਾਂਹ-ਵਧੂ ਬਣੇ ਹਾਂ । ਜਦ ਕਿ ਤੁਸੀਂ ਅਜੇ ਵੀ ਕਲਪਨਾ ਵਿਚ ਜਕੜੇ ਹੋ ।

ਮੈਂ ਉਨ੍ਹਾਂ ਤੋਂ ਬੜਾ ਪ੍ਰਭਾਵਿਤ ਸਾਂ । ਇਕ ਵਾਰ ਉਹਨਾਂ ਦੇ ਵਿਚਾਰ ਸੁਣਨ ਗਿਆ । ਉਹ ਬਹੁਤ ਉਦਾਸ ਬੈਠੇ ਸਨ । ਮੈਂ ਕਾਰਣ ਪੁੱਛਿਆ—

'ਡਾਟਰ ਨੇ 'ਕੋਰਟ-ਮੈਰਿਜ' ਕਰ ਲਈ ਹੈ'—ਉਹਨਾਂ ਦੱਸਿਆ ।

'ਇਹ ਤਾਂ ਬੜੀ ਖ਼ੁਸ਼ੀ ਦੀ ਗੱਲ ਹੈ ! ਮੁੰਡਾ ਕੌਣ ਹੈ ?' ਮੈਂ ਹੁੰਗਾਰੇ ਵਿਚ ਹੀ ਸੁਆਲ ਕੀਤਾ ।

'ਮੁੰਡੇ ਦਾ ਹੀ ਤਾਂ ਰੋਣਾ ਹੈ, ਉਹ ਪੰਜਾਬੀ ਹੈ, ਜਦ ਕਿ ਅਸੀਂ ਬੰਗਾਲੀ, ਅਤੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ............।' ●

IMPORTERS EXPORTERS WHOLESALERS RETAILERS

**ROKKO SAREES & FABRICS**

7-5,4-CHOME,ISOBE DORI, FUKIAI - KU,KOBE,JAPAN. PHONE: 251-6440

OWNED AND OPERATED BY B. S. KHURANA AND SONS AND GRANDSONS

## ਸੁੰਨੀ ਸੜਕ

ਨਛੱਤਰ ਸਿੰਘ

ਉਹ ਕਾਹਲੇ ਕਾਹਲੇ ਕਦਮ ਪੁਟਦੀ ਪਾਰਕ ਵਲ ਨੂੰ ਵਧ ਰਹੀ ਸੀ। ਜਦੋਂ ਉਹ ਘੜੀ ਵਲ ਦੇਖਦੀ ਤਾਂ ਆਪਣੇ ਕਦਮਾਂ ਨੂੰ ਹੋਰ ਤੇਜ਼ ਕਰ ਦਿੰਦੀ। ਸ਼ਾਇਦ ਉਹ ਲੇਟ ਹੋ ਗਈ ਸੀ। ਹਵਾ ਦੇ ਨਿੱਕੇ ਨਿੱਕੇ ਬੁਲ੍ਹਿਆਂ ਨਾਲ ਉਡ ਰਹੀ ਸਾੜ੍ਹੀ ਦਾ ਛਤ ਠੀਕ ਕਰਨ ਦੀ ਉਹ ਬਾਰ ਬਾਰ ਕੋਸ਼ਿਸ਼ ਕਰ ਰਹੀ ਸੀ ਪਰ ਉਹ ਆਪਣੀ ਅਸਲੀ ਥਾਂ ਤੇ ਸ਼ਾਇਦ ਆਉਣਾ ਨਹੀਂ ਚਾਹੁੰਦਾ ਸੀ। ਜਿਵੇਂ ਉਹ ਘਰੋਂ ਸੋਚ ਕੇ ਨਿਕਲੀ ਸੀ, ਸਭ ਕੁਝ ਉਸ ਦੇ ਉਲਟ ਹੁੰਦਾ ਜਾਪ ਰਿਹਾ ਸੀ। ਸਾਰੀ ਰਾਤ ਮੀਂਹ ਪੈਂਦਾ ਰਹਿਣ ਕਾਰਣ ਮੌਸਮ ਕਾਫ਼ੀ ਠੰਡਾ ਹੋ ਗਿਆ ਸੀ। ਪਰ ਉਹ ਸਿਰਫ਼ ਇਕੱਲੀ ਸਾੜ੍ਹੀ ਵਿਚ ਹੀ ਤੁਰੀ ਜਾ ਰਹੀ ਸੀ। ਸੂਰਜ ਪੱਛਮ ਦੀ ਬੁੱਕਲ ਵਿਚ ਜਾ ਲੁਕਿਆ ਸੀ, ਜਿਸ ਕਾਰਣ ਆਸੇ ਪਾਸੇ ਘੁਸਮੁਸਾ ਜਿਹਾ ਦਿਖਾਈ ਦੇਣ ਲਗ ਪਿਆ ਸੀ। ਕਿਸੇ ਕਿਸੇ ਘਰ ਰੌਸ਼ਨੀ ਦੀ ਚਮਕ ਵੀ ਦਿਖਾਈ ਦੇਣ ਲਗ ਪਈ ਸੀ। ਉਸ ਦੀਆਂ ਨਜ਼ਰਾਂ ਸੜਕ ਦੇ ਦੂਸਰੇ ਸਿਰੇ ਤਕ ਜਾ ਕੇ ਵਾਪਸ ਪਰਤ ਆਈਆਂ। ਸੜਕ ਵੀ ਉਸ ਦੀ ਮਾਂਗ ਵਾਂਗ ਸੁੰਨੀ ਪਈ ਸੀ,। ਉਹ ਆਪ ਵੀ ਤੇ ਇਕ ਸੁੰਨੀ ਸੜਕ ਹੀ ਸੀ। ਉਸ ਨੇ ਆਪਣੇ ਬਾਰੇ ਸੋਚਣਾ ਸ਼ੁਰੂ ਕਰ ਦਿਤਾ। ਜਿਹੜਾ ਵੀ ਉਸ ਦੇ ਜੀਵਨ ਵਿਚ ਆਇਆ, ਕਿਸੇ ਨੇ ਵੀ ਇਸ ਸੜਕ ਤੇ ਪੱਕੇ ਤੌਰ ਤੇ ਠਹਿਰਨਾ ਨਾ ਚਾਹਿਆ। ਕਈ ਆਏ ਅਤੇ ਕਿੰਨੇ ਹੀ ਚਲੇ ਗਏ। ਸੜਕ ਤੇ ਵੀ ਕਦੇ ਕੋਈ ਠਹਿਰਦਾ ਹੈ? ਸੜਕ ਤਾਂ ਲੋਕਾਂ ਲਈ ਆਪੋ ਆਪਣੀਆਂ ਮੰਜ਼ਿਲਾਂ ਤੇ ਪਹੁੰਚਣ ਦਾ ਸਾਧਨ ਹੈ। ਲੋਕ ਆਉਂਦੇ ਹਨ ਤੇ ਚਲੇ ਜਾਂਦੇ ਹਨ ਅਤੇ ਸੜਕ ਫੇਰ ਸੁੰਨੀ ਦੀ ਸੁੰਨੀ ਰਹਿ ਜਾਂਦੀ ਹੈ।

ਸੜਕ ਦੇ ਦੋਵੇਂ ਪਾਸੇ ਸਫ਼ੈਦੇ ਦੇ ਉੱਚੇ ੨ ਖੜੇ ਦਰੱਖ਼ਤ ਉਸ ਨੂੰ ਤੁਰੇ ਜਾਂਦਿਆਂ ਘੂਰ ੨ ਦੇਖ ਰਹੇ ਸਨ। ਉਸ ਨੂੰ ਅੱਜ ਉਨ੍ਹਾਂ ਤੋਂ ਵੀ ਡਰ ਲਗ ਰਿਹਾ ਸੀ। ਸੜਕ ਵੀ ਉਸ ਵਾਂਗ ਚੁਪ-ਚਾਪ ਤੁਰੀ ਜਾਂਦੀ ਸੀ। ਸਭ ਤੋਂ ਪਹਿਲਾਂ ਉਸ ਦੀ ਜ਼ਿੰਦਗੀ ਵਿਚ ਰਾਜ ਆਇਆ ਸੀ। ਕਿੰਨਾ ਭੋਲਾ-ਭਾਲਾ ਚਿਹਰਾ ਸੀ ਉਹਦਾ! ਕਿੰਨਾ ਚਾਹੁੰਦਾ ਸੀ ਉਹ ਉਸ ਨੂੰ! ਉਸ ਨੇ ਵੀ ਆਪਣਾ ਸਭ ਕੁਝ ਰਾਜ ਦੇ ਹਵਾਲੇ ਕਰ ਦਿੱਤਾ ਸੀ। ਦਸ ਬਾਰਾਂ ਮਹੀਨਿਆਂ ਬਾਅਦ ਅਚਾਨਕ ਹੀ ਰਾਜ ਦੇ ਸੁਭਾਅ ਵਿਚ ਤਬਦੀਲੀ ਜਿਹੀ ਆਉਣ ਲਗ ਪਈ ਸੀ। ਫੇਰ ਥੋੜੇ ਦਿਨਾਂ ਬਾਅਦ ਉਹ ਉਸ ਸ਼ਹਿਰ ਵਿਚ ਦਿਖਾਈ ਨਹੀਂ ਦਿੱਤਾ ਸੀ। ਸ਼ਾਇਦ ਉਹ ਇੱਕੋ ਸੜਕ ਤੇ ਤੁਰ ੨ ਕੇ ਅੱਕ ਗਿਆ ਸੀ ਅਤੇ ਹੁਣ ਉਸ ਦੇ ਕਦਮ ਕਿਸੇ ਹੋਰ ਸੜਕ ਵਲ ਵਧ ਗਏ ਸਨ।

ਉਸ ਨੇ ਪਿੱਛੇ ਮੁੜ ਕੇ ਦੇਖਿਆ, ਇਕ ਸਾਈਕਲ ਵਾਲਾ ਜਾ ਰਿਹਾ ਸੀ। ਉਸ ਨੂੰ ਪਤਾ ਹੀ ਨਹੀਂ ਲੱਗਾ, ਕਦੋਂ ਉਹ ਉਸ ਦੇ ਲਾਗਿਓਂ ਲੰਘ ਗਿਆ ਸੀ। ਸੜਕ ਦੀਆਂ ਲਾਈਟਾਂ ਜਗ ਚੁਕੀਆਂ ਸਨ। ਉਹ ਚੁਪ-ਚਾਪ ਤੁਰੀ ਜਾ ਰਹੀ ਸੀ। ਉਸ ਦੇ ਅੰਦਰ ਇਕ ਘੋਲ ਜਿਹਾ ਹੋ ਰਿਹਾ ਸੀ। ਹੁਣ ਉਸ ਨੇ ਫ਼ੈਸਲਾ ਕਰ ਲਿਆ ਸੀ, ਸੜਕ ਭਾਵੇਂ ਸੁੰਨੀ ਰਹੇ ਪਰ ਉਸ ਦੀ ਮਾਂਗ ਹੁਣ ਸੁੰਨੀ ਨਹੀਂ ਰਹੇ ਗੀ। ਅੱਜ ਉਹ ਅੰਤਮ ਫ਼ੈਸਲਾ ਕਰਨ ਜਾ ਰਹੀ ਸੀ। ਉਸ ਦੇ ਨਾਲ ਦੀਆਂ ਦੇ ਦੋ ਦੋ, ਤਿੰਨ ਤਿੰਨ ਬੱਚੇ ਹੋ ਗਏ ਸਨ, ਪਰ ਉਸ ਵਿਚ ਹੁਣ ਤਕ ਕੋਈ ਫ਼ਰਕ ਨਹੀਂ ਪਿਆ ਸੀ। ਪਰ ਫ਼ਰਕ ਕਿਉਂ ਨਹੀਂ ਪਿਆ? ਉਭਾਰ ਤਾਂ ਕਈ ਉਸ ਦੀ ਜ਼ਿੰਦਗੀ ਵਿਚ ਵੀ ਆਏ ਸਨ ਪਰ ਉਸ ਨੂੰ ਮਜਬੂਰਨ ਉਨ੍ਹਾਂ ਨੂੰ ਦਬਾਉਣਾ ਪਿਆ ਸੀ। ਫੇਰ ਉਹ ਆਪਣੀ ਸਹੇਲੀ ਦੀ ਉਸ ਚਿੱਠੀ ਬਾਰੇ ਸੋਚਣ ਲਗ ਪਈ ਜਿਸ ਵਿਚ ਉਸ ਨੇ ਲਿਖਿਆ ਸੀ, "ਨਿਰਮਲ, ਹੁਣ ਤੈਨੂੰ ਸ਼ਾਦੀ ਕਰ ਹੀ ਲੈਣੀ ਚਾਹੀਦੀ ਹੈ ਕਿਉਂਕਿ ਇਸ ਦਾ ਵੀ ਇਕ ਨਿਸ਼ਚਿਤ ਸਮਾਂ ਹੁੰਦਾ ਹੈ। ਜੇ ਇਹ ਲੰਘ ਜਾਏ ਤਾਂ ਬਾਅਦ ਵਿਚ ਪਛਤਾਉਣਾ ਪੈਂਦਾ ਹੈ। ਇਸ ਲਈ ਤੂੰ ਆਪਣੇ ਮਾਪਿਆਂ ਦਾ ਕਹਿਣਾ ਮੰਨ ਲੈ ਅਤੇ ਆਪਣੀ ਜ਼ਿਦ ਛੱਡ ਦੇ। ਮਾਪੇ ਕਦੇ ਵੀ ਔਲਾਦ ਲਈ ਬੁਰਾ ਨਹੀਂ ਸੋਚਦੇ। ਕਿਉਂ ਤੂੰ ਜ਼ਿੱਦ ਤੇ ਅੜੀ ਏਂ? ਉਹ ਵੀ ਤੇਰੀ ਪਸੰਦ ਦਾ ਹੀ ਮੁੰਡਾ ਦੇਖਣ ਗੇ, ਜੇ ਤੈਨੂੰ ਪਸੰਦ ਹੋਊ ਤਾਂ ਠੀਕ, ਨਹੀਂ ਉਹ ਕਿਹੜਾ ਜ਼ਬਰਦਸਤੀ ਕਰਨ ਲੱਗੇ ਨੇ।' ਉਹ ਸੋਚੀ ਜਾ ਰਹੀ ਸੀ। ਸੱਚ ਹੀ ਕਹਿੰਦੀ ਸੀ ਉਸ ਦੀ ਸਹੇਲੀ ਪਰ ਉਹ ਆਪ ਹੀ ਇਸ ਜ਼ਿੱਦ ਤੇ ਅੜੀ ਹੋਈ ਸੀ ਕਿ ਉਹ ਆਪਣੀ ਮਨ-ਮਰਜ਼ੀ ਨਾਲ ਵਿਆਹ ਕਰਾਏ ਗੀ। ਅੱਜ ਉਸ ਦੇ ਕਦਮ ਉਸਦਾ ਸਾਥ ਨਹੀਂ ਦੇ ਰਹੇ ਸਨ। ਬਹੁਤ ਕੋਸ਼ਿਸ਼ ਕਰਨ ਤੇ ਵੀ ਉਹ ਅੱਗੇ ਜਾਣ ਦੀ ਬਜਾਏ ਪਿੱਛੇ ਨੂੰ ਹੀ ਜਾ ਰਹੇ ਸਨ।

ਫੇਰ ਕੁਝ ਸਮੇਂ ਬਾਅਦ ਅਚਾਨਕ ਹੀ ਉਸ ਸੁੰਨੀ ਸੜਕ ਵਲ ਦਰਸ਼ਨ ਦੇ ਪੈਰ ਵਧ ਗਏ ਸਨ। ਕਿੰਨਾਂ ਹੀ ਚਿਰ ਉਸ ਦੇ ਪੈਰਾਂ ਨੂੰ ਇਸ ਸੜਕ ਤੇ ਤੁਰਨ ਦਾ ਆਨੰਦ ਆਉਂਦਾ ਰਿਹਾ। ਇਕ ਵਾਰ ਫੇਰ ਉਹ ਨਵੇਂ ਸ਼ਿਕਾਰੀ ਦੇ ਪੁਰਾਣੇ ਜਾਲ ਵਿਚ ਫਸ ਗਈ ਸੀ। ਉਸ ਨੇ ਦਰਸ਼ਨ ਤੇ ਇਤਬਾਰ ਕਰ ਕੇ ਉਸ ਨੂੰ ਆਪਣਾ ਜੀਵਨ ਸਾਥੀ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ। ਇਕ ਦਿਨ ਜਦੋਂ ਉਸ ਨੇ ਦਰਸ਼ਨ ਨੂੰ ਆਪਣੀ ਸੁੰਨੀ ਮਾਂਗ ਭਰਨ ਬਾਰੇ ਇਸ਼ਾਰਾ ਕੀਤਾ ਤਾਂ ਦਰਸ਼ਨ ਲਈ ਇਸ ਸੜਕ ਤੇ ਹੋਰ ਤੁਰਨਾ ਔਖਾ ਹੋ ਗਿਆ। ਉਸ ਦੇ ਕਦਮਾਂ ਨੇ ਕਿਸੇ ਨਵੀਂ ਸੜਕ ਦੀ ਤਲਾਸ਼ ਕਰ ਲਈ। ਫੇਰ ਉਸ ਤੋਂ ਬਾਅਦ? ਉਸ ਤੋਂ ਬਾਅਦ ਵੀ ਕਈ ਆਏ, ਹੁਣ ਕੀਹਦਾ ੨ ਨਾਂ ਯਾਦ ਰੱਖੇ। ਸੜਕ ਨੂੰ ਕੀ ਪਤਾ ਲਗਦਾ ਹੈ ਉਸ ਉੱਤੋਂ ਦੀ ਕਿਹੜਾ ਲੰਘ ਰਿਹਾ ਹੈ। ਹੁਣ ਉਸ ਨੂੰ ਆਪਣੇ ਆਪ ਤੋਂ ਨਫ਼ਰਤ ਜਿਹੀ ਹੋ ਗਈ ਸੀ। ਉਸ ਨੂੰ ਸਾਰੀ ਮਨੁੱਖ ਜਾਤੀ ਤੋਂ ਨਫ਼ਰਤ ਹੋ ਗਈ। ਉਹ ਆਪਣੇ ਆਪ ਨੂੰ ਮਰਦਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਰਖਦੀ ਸੀ। ਉਸ ਦੀ ਹਰ ਸੰਭਵ ਕੋਸ਼ਿਸ਼ ਇਹੋ ਰਹਿੰਦੀ ਸੀ ਕਿ ਕਿਸੇ ਮਰਦ ਦੀ ਨਿਗਾਹ ਉਸ ਤੇ ਨਾ ਪਵੇ। ਹੁਣ ਉਹ ਦੁਬਾਰਾ ਆਪਣੇ ਆਪ ਨਾਲ ਧੋਖਾ ਨਹੀਂ ਕਰਨਾ ਚਾਹੁੰਦੀ ਸੀ।

IMPORTERS EXPORTERS WHOLESALERS RETAILERS

ROKKO SAREES & FABRICS S - 39, GREEN PARK, PHONE: NEW DELHI-16, INDIA. 77790

OWNED AND OPERATED BY B. S. KHURANA AND SONS AND GRANDSONS

ਉਸ ਨੂੰ ਆਪਣੀ ਸਹੇਲੀ ਦੀ ਚਿੱਠੀ ਦਾ ਖ਼ਿਆਲ ਆ ਰਿਹਾ ਸੀ। ਉਹ ਸੋਚ ਰਿਹਾ ਸੀ, ਉਸ ਨੂੰ ਆਪਣੇ ਮਾਪਿਆਂ ਦਾ ਕਹਿਣਾ ਮੰਨ ਕੇ ਸ਼ਾਦੀ ਕਰ ਲੈਣੀ ਚਾਹੀਦੀ ਸੀ। ਪਰ ਹੁਣ ਉਹ ਕਿਹੜੇ ਮੂੰਹ ਨਾਲ ਉਨ੍ਹਾਂ ਨੂੰ ਕਹੇ ਗੀ? ਜਦੋਂ ਉਸ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ, ਕੀ ਉਹ ਹੁਣ ਮੰਨ ਜਾਣ ਗੇ? ਉਸ ਦੇ ਅੰਦਰ ਖ਼ਿਆਲਾਂ ਦਾ ਇਕ ਘੋਲ ਜਿਹਾ ਹੋ ਰਿਹਾ ਸੀ। ਜਿਸ ਨਾਲ ਸ਼ਾਦੀ ਕਰਾਏ ਗੀ, ਉਸ ਨੂੰ ਕੀ ਦੇਵੇ ਗੀ? ਹੁਣ ਤੇ ਉਸ ਕੋਲ ਦੇਣ ਲਈ ਕੁਝ ਵੀ ਨਹੀਂ ਰਿਹਾ। ਉਸ ਦੀਆਂ ਅੱਖਾਂ ਸਾਮ੍ਹਣੇ ਉਸ ਦਾ ਭਵਿੱਖ ਡੁਬ ਰਿਹਾ ਸੀ, ਪਰ ਉਹ ਚੁਪ-ਚਾਪ ਖੜੀ ਦੇਖ ਰਹੀ ਸੀ। ਪਿਛਿਓਂ ਆ ਰਹੀ ਮੋਟਰ ਸਾਈਕਲ ਦੀ ਅਵਾਜ਼ ਨੇ ਉਸ ਦਾ ਡੁਬ ਰਿਹਾ ਭਵਿੱਖ ਅੱਧ-ਵਿਚਕਾਰ ਹੀ ਲਟਕਾ ਕੇ ਰੱਖ ਦਿਤਾ। ਮੋਟਰ ਸਾਈਕਲ ਉਸ ਦੇ ਲਾਗਿਓਂ ਖੜਕਾ ਕਰਦਾ ਅੱਗੇ ਲੰਘ ਗਿਆ। ਉਹ ਉਸ ਨੂੰ ਜਾਂਦਿਆਂ ਦੂਰ ਤਕ ਦੇਖਦੀ ਰਹੀ।

ਫੇਰ ਉਸ ਦੀ ਬਦਲੀ ਇਸ ਸ਼ਹਿਰ ਹੋ ਗਈ ਸੀ। ਇਥੇ ਆਇਆਂ ਉਸ ਨੂੰ ਛੇ ਸੱਤ ਮਹੀਨੇ ਹੋ ਚੱਲੇ ਸਨ। ਹੁਣ ਫੇਰ ਉਸ ਵਿਚ ਕੁਝ ੨ ਤਬਦੀਲੀ ਆਉਣ ਲਗ ਪਈ ਸੀ। ਇਕ ਦਿਨ ਦੀ ਛੋਟੀ ਜਿਹੀ ਮੁਲਾਕਾਤ ਨਾਲ ਰਾਜਿੰਦਰ ਉਸ ਦੇ ਕਿੰਨਾ ਨਜ਼ਦੀਕ ਆ ਗਿਆ ਸੀ। ਉਹ ਉਸ ਦੇ ਭੋਲੇ-ਭਾਲੇ ਚਿਹਰੇ ਅਤੇ ਸਿੱਧੀਆਂ ਸਾਦੀਆਂ ਗੱਲਾਂ ਤੇ ਆਪਣੇ ਆਪ ਨੂੰ ਗੁਆ ਬੈਠੀ। ਰਾਜਿੰਦਰ ਨੇ ਉਸ ਨੂੰ ਬੜੇ ਸਬਜ਼ ਬਾਗ਼ ਵਿਖਾਏ। ਉਹ ਉਸ ਨਾਲ ਸ਼ਾਦੀ ਕਰਨ ਲਈ ਵੀ ਤਿਆਰ ਹੋ ਗਿਆ ਸੀ। ਹੁਣ ਉਸ ਘਸੀ ਹੋਈ ਸੜਕ ਦੀ ਤਰ੍ਹਿ ਰਾਜਿੰਦਰ ਦੇ ਕਦਮਾਂ ਥੱਲੇ ਕਰਵਟਾਂ ਲੈ ਰਹੀ ਸੀ। ਉਸ ਲਈ ਹੁਣ ਰਾਜਿੰਦਰ ਹੀ ਸਭ ਕੁਝ ਸੀ। ਉਸ ਨੇ ਰਾਜਿੰਦਰ ਨਾਲ ਸ਼ਾਦੀ ਕਰਾਉਣ ਲਈ ਆਪਣਾ ਆਖ਼ਰੀ ਦਾਅ ਵੀ ਲਾ ਦਿੱਤਾ ਸੀ। ਉਹ ਉਸ ਨੂੰ ਹਰ ਕੀਮਤ ਤੇ ਪ੍ਰਾਪਤ ਕਰਨਾ ਚਾਹੁੰਦੀ ਸੀ।

ਪਾਰਕ ਨਜ਼ਦੀਕ ਆ ਗਿਆ ਸੀ। ਉਸ ਨੇ ਘੜੀ ਵੱਲ ਦੇਖਿਆ, ਸੱਤ ਵੱਜ ਚੁਕੇ ਸਨ। ਉਸ ਨੇ ਸਾੜ੍ਹੀ ਦੇ ਲੜ ਨੂੰ ਫੇਰ ਆਪਣੀ ਠੀਕ ਥਾਂ ਤੇ ਕੀਤਾ ਜੋ ਹੌਲੀ ਹੌਲੀ ਸਰਕ ਕੇ ਹੇਠਾਂ ਆ ਗਿਆ ਸੀ। ਪਾਰਕ ਵਿਚ ਜਗ ਰਹੀਆਂ ਬੱਤੀਆਂ ਉਸ ਨੂੰ ਆਉਂਦਿਆਂ ਦੇਖ ਹਸ ਰਹੀਆਂ ਸਨ। ਅੱਜ ਉਹ ਰਾਜਿੰਦਰ ਨਾਲ ਆਖ਼ਰੀ ਫ਼ੈਸਲਾ ਕਰਨ ਆਈ ਸੀ। ਰਾਜਿੰਦਰ ਨੇ ਆਪ ਉਸ ਨੂੰ ਇਸ ਜਗਹ ਤੇ ਬੁਲਾਇਆ ਸੀ। ਉਹ ਉਸ ਲਈ ਨੌਕਰੀ ਛਡਣ ਨੂੰ ਵੀ ਤਿਆਰ ਸੀ ਪਰ ਰਾਜਿੰਦਰ ਅਜੇ ਸ਼ਾਦੀ ਲਈ ਕਾਹਲਾ ਨਹੀਂ ਸੀ ਅਤੇ ਉਹ ਉਸ ਨੂੰ ਛੇਤੀ ਸ਼ਾਦੀ ਕਰਨ ਲਈ ਮਜਬੂਰ ਕਰ ਰਹੀ ਸੀ ਕਿਉਂਕਿ ਹੁਣ ਜੋ ਉਭਾਰ ਉਸ ਅੰਦਰ ਆ ਰਿਹਾ ਸੀ, ਉਹ ਉਸ ਨੂੰ ਦਬਾਉਣਾ ਨਹੀਂ ਚਾਹੁੰਦੀ ਸੀ। ਅੱਜ ਉਨ੍ਹਾਂ ਨੇ ਇਸ ਬਾਰੇ ਫ਼ੈਸਲਾ ਕਰਨਾ ਸੀ।

ਪਾਰਕ ਦੇ ਅੰਦਰ ਵੜਦਿਆਂ ਹੀ ਉਸ ਦੇ ਕਦਮ ਰਜਿੰਦਰ ਦੀ ਆਵਾਜ਼ ਸੁਣ ਕੇ ਰੁਕ ਗਏ। ਉਸ ਦੇ ਨਾਲ ਦੋ ਵਿਅਕਤੀਆਂ ਦੀਆਂ ਹੋਰ ਆਵਾਜ਼ਾਂ ਆ ਰਹੀਆਂ ਸਨ।

## FILM - INFORMATION

1. Queen Elizabeth Playhouse, Vancouver:
   Call, Avtar Bains (325-7369), Amarjit Binning (327-9573)
2. Metro Theatre, Olympia Theatre, Centennial, & Aboscastle Theatre Abbotsford:
   Call, Horizon Films Ltd. - 321-6214 ; 321-1104.
3. Centennial Theatre, Surrey (Phone: 596-7461):
   Call, Ajanta Films - 434-9812, 435-6227.

ਫਿਲਮ ਸੂਚਨਾ
- ਅਵਤਾਰ ਬੈਂਸ (325-7369), ਅਮਰਜੀਤ ਬਿਨਿੰਗ (327-9573)
- ਹੋਰੀਜ਼ਨ ਫਿਲਮਜ਼ ਲਿਮਿਟਡ (321-6214, 321-1104)
- ਅਜੰਤਾ ਫਿਲਮਜ਼ ਕਾਰਪੋਰੇਸ਼ਨ (434-9812, 435-6227)

"ਮਾਲ ਬਹੁਤ ਵਧੀਆ ਏ ਇਸ ਬਾਰੇ ਤੁਸੀਂ ਕੋਈ ਫ਼ਿਕਰ ਨਾ ਕਰੋ।" ਰਾਜਿੰਦਰ ਦੀ ਆਵਾਜ਼ ਆ ਰਹੀ ਸੀ।

"ਪਰ ਤੂੰ ਆਪਣੇ ਕੋਲ ਕਿਉਂ ਨੀ ਰੱਖ ਲੈਂਦਾ?" ਦੂਸਰੀ ਆਵਾਜ਼ ਆਈ।

"ਦਰ ਅਸਲ ਮੇਰੇ ਘਰ ਵਾਲੀ ਨੂੰ ਦੋ ਤਿੰਨ ਹਫ਼ਤਿਆਂ ਤੋਂ ਮੇਰੇ ਤੇ ਸ਼ਕ ਹੋਣ ਲਗ ਪਿਆ ਏ। ਪਰਸੋਂ ਉਸ ਨੇ ਸਾਨੂੰ ਦੋਨਾਂ ਨੂੰ ਬਾਜ਼ਾਰ 'ਚ ਜਾਂਦਿਆਂ ਦੇਖ ਲਿਆ। ਓਦੋਂ ਦਾ ਹੀ ਘਰ 'ਚ ਕਲੇਸ਼ ਪਿਆ ਹੋਇਆ ਹੈ। ਤੁਸੀਂ ਲੈ ਜਾਓ, ਘਬਰਾਉਣ ਵਾਲੀ ਕੋਈ ਗੱਲ ਨੀ। ਸੌਦਾ ਵਧੀਆ ਰਹੂ। ਮੁੱਲ ਤਾਂ ਉਸ ਨੂੰ ਦੇਖਦਿਆਂ ਹੀ ਪੂਰਾ ਹੋ ਜਾਊ।" ਰਾਜਿੰਦਰ ਦੀ ਅਵਾਜ਼ ਆਈ।

ਉਹ ਖੜੀ ਸਭ ਕੁਝ ਸੁਣ ਰਹੀ ਸੀ ਪਰ ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ, ਉਹ ਕਿਸ ਬਾਰੇ ਗੱਲਾਂ ਕਰ ਰਹੇ ਸਨ।

"ਸੌਦਾ ਜ਼ਰਾ ਮਹਿੰਗਾ।" ਦੂਸਰਾ ਬੋਲਿਆ।

"ਇਹ ਤਾਂ ਤੁਸੀਂ ਉਹਦੇ ਆਏ ਤੋਂ ਦੇਖ ਲਿਓ, ਆਉਣ ਵਾਲੀ ਈ ਏ। ਮੈਂ ਏਸੇ ਲਈ ਉਸ ਨੂੰ ਅੱਜ ਬੁਲਾਇਆ ਏ।" ਰਾਜਿੰਦਰ ਬੋਲ ਰਿਹਾ ਸੀ।

ਉਸ ਨੂੰ ਖੜੀ ਨੂੰ ਆਪਣਾ ਆਲਾ ਦੁਆਲਾ ਘੁੰਮ ਰਿਹਾ ਜਾਪਿਆ। ਆਸੇ ਪਾਸੇ ਦੀਆਂ ਲਾਈਟਾਂ ਉਸ ਤੇ ਹੱਸ ਰਹੀਆਂ ਸਨ। ਇੰਨੀ ਠੰਡ ਹੋਣ ਤੇ ਵੀ ਉਸ ਦਾ ਚਿਹਰਾ ਪਸੀਨ ਨਾਲ ਭਿੱਜ ਗਿਆ ਸੀ।

ਉਸ ਨੇ ਸੜਕ ਦੇ ਖੱਬੇ ਸੱਜੇ ਦੇਖਿਆ, ਪਰ ਦੋਹਾਂ ਪਾਸਿਆਂ ਤੋਂ ਕੋਈ ਵੀ ਨਹੀਂ ਆ ਜਾ ਰਿਹਾ ਸੀ। ਸੜਕ ਉਵੇਂ ਦੀ ਉਵੇਂ ਸੁੰਨੀ ਪਈ ਸੀ।

MOVIES FOREIN EXCHANGE CONCERT
**SIHOTA DISTRIBUTORS** 3483 KINGSWAY, VANCOUVER, B.C., CANADA. V5R 5L5 PHONE: 438-1304, 324-2557
MANAGER KARTAR SINGH AHLUWALIA

Canada Permanent Trust

Real Estate Division
7350 Edmonds Street
Burnaby 3, B. C.

# RAJ CHEEMA

RESIDENCE:
874-0236-7; 874-5588
BUSINESS:
524 - 9511

ਰਾਜ ਚੀਮਾ

**CANADA PERMANENT OFFERS:**

- ★ A Guaranteed Sales Plan
- ★ Funds for Refinancing and Sales
- ★ Expert Appraisers on immediate call
- ★ Total Involvement Salesmen on call 24 hours
- ★ Offices Coast to Coast
- ★ Coast to Coast Transfer Plan
- ★ We Trade Homes

*Any gentleman, interested in the above services, should contact*

**RAJ CHEEMA**

*for his pleasing, honest & hard-working capabilities*



# *Quadra Travel Services Ltd.*

**6159 MAIN STREET • VANCOUVER, B.C. • PHONE 324-4401**

**TELEX 04-55371**

India
Pakistan
Fiji
HONG KONG
Europe

ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ
ਸਫ਼ਰ ਦਾ ਅਨੰਦ ਮਾਨਣ ਲਈ

ਦਰਸ਼ਨ ਸਿੰਘ ਮਾਨ
## DARSHAN S. MANN
ਨੂੰ ਹਮੇਸ਼ਾਂ ਯਾਦ ਰੱਖੋ।



**AROUND THE WORLD TRAVEL** • **GROUPS**

• **CHARTERS** • **EXCURSIONS**

**Around the world service!**

**'SPECIALIZING IN SERVICE TO THE BUSINESSMAN'**

| | |
|---|---|
| *Airline Tickets | *Visas |
| *Steamship Tickets | *Group Tours |
| *Railway Tickets | *Passports |
| *Hotel Reservations | *Charters |
| *Tours & Cruises | *Travel Insurance |

# ਖ਼ਬਤ

ਗੁਲਜ਼ਾਰ ਸੰਧੂ

ਬੜਾ ਥਾਣੇਦਾਰ ਬੜਾ ਗੁੱਸੇ ਵਿਚ ਸੀ। ਛੱਕੀ ਬੱਧਹੀ ਚੋਰੀ ਹੋਇਆਂ ਪੂਰੇ ਤਿੰਨ ਦਿਨ ਹੋ ਗਏ ਸਨ ਤੇ ਹਾਲੀ ਤਕ ਚੋਰ ਦੀ ਸੂਹ ਨਹੀਂ ਸੀ ਨਿਕਲੀ। ਏਨੀ ਛੋਟੀ ਚੋਰੀ ਦੀ ਖੋਜ ਵਿਚ ਉਸ ਨੇ ਅਜ ਤਕ ਚੌਵੀ ਘੰਟੇ ਵੀ ਨਹੀਂ ਸੀ ਲਗਣ ਦਿਤੇ। ਇਲਾਕਾ ਤਾਂ ਵਿਹਲ ਪਾ ਰਿਹਾ ਛੋਟਾ ਥਾਣੇਦਾਰ ਤੇ ਹਵਾਲਦਾਰ ਵੀ ਉਸ ਕੋਲੋਂ ਥਰ ਥਰ ਕੰਬਦੇ ਸਨ। ਚੋਰੀ ਡਕੈਤੀ ਦੀ ਸੂਹ ਲਭਣ ਲਈ ਉਹ ਕਰੜੀ ਤੋਂ ਕਰੜੀ ਸਜ਼ਾ ਦੇਣ ਦੇ ਹਕ ਵਿਚ ਸੀ। ਉਞ ਵੀ ਇਲਾਕੇ ਵਿਚ ਹਰ ਇਕ ਪਿੰਡ ਦੇ ਨੰਬਰਦਾਰ ਨੂੰ ਹੁਕਮ ਸੀ ਕਿ ਉਹ ਹਰ ਵਰ੍ਹੇ ਇਕ ਨਵੇਂ ਬੰਦੇ ਦਾ ਨਾਂ ਜ਼ਰੂਰ ਹੀ ਦਸ ਨੰਬਰ ਵਿਚ ਦਰਜ ਕਰਾਵੇ। ਉਸ ਦੇ ਆਪਣੇ ਪਿੰਡ ਦਾ ਹੋਵੇ ਜਾਂ ਲਾਗਲੇ ਪਿੰਡ ਦਾ। ਘਟੋ ਘਟ ਇਕ ਬੰਦੇ ਦਾ ਨਾਂ ਹਰ ਨੰਬਰਦਾਰ ਦੀ ਜ਼ਬਾਨੀ ਬੜੇ ਥਾਣੇਦਾਰ ਦੇ ਥਾਣੇ ਪਹੁੰਚਣਾ ਚਾਹੀਦਾ ਸੀ। ਪਿੰਡ ਦੇ ਪਤਵੰਤਿਆਂ ਦੀ ਜਾਸੂਸੀ ਤੇ ਥਾਣੇ ਦੇ ਡੰਡੇ ਦੀ ਸਹਾਇਤਾ ਨਾਲ ਨਿਕੇ ਮੋਟੇ ਕੇਸ ਨੂੰ ਚੌਵੀ ਘੰਟੇ ਤੋਂ ਵਧ ਲਗਣ ਦਾ ਭਾਵ ਹੀ ਕੋਈ ਨਹੀਂ ਸੀ।

ਪਰ ਜੇਠੂ ਦੀ ਡੱਬੀ ਬੱਕਰੀ ਉਸ ਦੇ ਬੇਰੀਆਂ ਵਾਲੇ ਖੇਤ ਵਿਚੋਂ ਕਿਵੇਂ ਖੋਹਲੀ, ਕਿਸ ਖੋਹਲੀ ਤੇ ਕਿਥੇ ਪਹੁੰਚ ਗਈ, ਪੂਰੇ ਤਿੰਨ ਦਿਨ ਤੋਂ ਪਤਾ ਨਹੀਂ ਸੀ ਲਗ ਰਿਹਾ। ਪਿੰਡਾਂ ਦੇ ਪਤਵੰਤਿਆਂ ਦੀ ਜਾਸੂਸੀ ਫੇਹਲ ਹੋਣ ਉਤੇ ਡੰਡਾ ਵਰ੍ਹਦਿਆਂ ਵੀ ਅਠਤਾਲੀ ਘੰਟੇ ਹੋ ਗਏ ਸਨ, ਪਰ ਚੋਰੀ ਦੀ ਸੂਹ ਨਹੀਂ ਸੀ ਨਿਕਲੀ। ਰੌਣਕੀ ਦਿਹਾੜੀਆ, ਚੇਤੂ ਮਹਿਰਾ, ਜੈਮਲ ਮੋਚੀ, ਫੱਗੂ ਜੱਟ, ਨਾਮਾ ਨਾਈ, ਬਾਂਕਾ ਲੁਹਾਰ, ਦੇਵੀਦਿਤਾ ਘੁਮਾਰ, ਮੋਦਨ ਭਰਾਈ ਆਦਿ ਸਭ ਕੁਟੇ ਜਾ ਚੁਕੇ ਸਨ। ਬੜਾ ਥਾਣੇਦਾਰ ਬੜਾ ਪਰੇਸ਼ਾਨ ਸੀ।

ਪਿੰਡੋ ਪਿੰਡ ਸਾਈਕਲ ਘੁਮਾਉਂਦਾ ਛੋਟਾ ਥਾਣੇਦਾਰ ਕੇਵਲ ਏਨੀ ਹੀ ਸੂਹ ਕਢ ਸਕਿਆ ਸੀ ਕਿ ਚੋਰੀ ਵਾਲੇ ਦਿਨ ਮੁਲਾਂਪੁਰ ਦੇ ਬੀੜ ਵਿਚ ਮਝਾਂ ਚਾਰਦੇ ਮੁੰਡਿਆਂ ਨੇ ਕਿਸੇ ਸਫੈਦ ਕਪੜਿਆਂ ਵਾਲੇ ਬੁਢੇ ਨੂੰ ਡੱਬ ਖੜੱਬੀ ਬੱਕਰੀ ਚੁਕੀ ਜਾਂਦਿਆਂ ਵੇਖਿਆ ਸੀ। ਬੁਢੇ ਦਾ ਹੁਲੀਆ ਪੁਛਣਾਂ ਚਾਰੂ ਮੁੰਡਿਆਂ ਨੇ ਸਿਰ ਹਿਲਾ ਛਡੇ ਸਨ ਤੇ ਆਪ ਮੁੜ ਉਥੇ ਦੀ ਉਥੇ ਬੀੜ ਦੇ ਪਿੱਪਲ ਥਲੇ ਟੰਗ ਫਾਂਗੜਾ ਖੇਡਣ ਲਗ ਪਏ ਸਨ। ਕਿਥੇ ਜੇਠੂ ਦਾ ਪਿੰਡ ਗੁਜਰਪੁਰ, ਕਿਥੇ ਮੁਲਾਂਪੁਰ ਦਾ ਬੀੜ ਤੇ ਕਿਥੇ ਚਿੱਟ ਕਪੜੀਏ ਬੁਢੇ ਦਾ ਦਸ ਕੋਹ ਬੱਕਰੀ ਨੂੰ ਚਾਦਰ ਵਿਚ ਬੰਨ੍ਹ ਕੇ ਚੁਕੀ ਜਾਣਾ, ਕਿਸੇ ਗਲ ਦਾ ਮੂੰਹ ਸਿਰ ਹੀ ਨਹੀਂ ਸੀ ਬਣ ਰਿਹਾ। ਬੜਾ ਥਾਣੇਦਾਰ ਬੜਾ ਹੀ ਦੁਖੀ ਸੀ।

ਬੜਾ ਥਾਣੇਦਾਰ ਬੜਾ ਗੁਸੇ ਵਿਚ ਸੀ। ਇਲਾਕੇ ਦੇ ਪਤਵੰਤੇ ਇਕ ਦੂਜੇ ਵਲ ਤੱਕਦੇ ਆਪੋ ਆਪਣੇ ਕਿਆਸ ਲਾ ਰਹੇ ਸਨ।

"ਨਵੀਂ ਪੱਠ ਸੀ ਹੁਣ ਤਕ ਤਾਂ ਕਿਸੇ ਦੇ ਢਿਡ ਵਿਚ ਵੀ ਪੈ ਚੁਕੀ ਹੋਣੀ ਏ," ਰੌਣਕੀ ਬੋਲਿਆ।

"ਹੋ ਸਕਦੈ ਐਵੇਂ ਹੀ ਰੱਸਾ ਤੁੜਾ ਕੇ ਇਲਾਕੇ ਦੀ ਹੱਦ ਲੰਘ ਗਈ ਹੋਵੇ. ਨਾਲ ਦੇ ਕਾਂਜੀ ਘਰ ਤੋਂ ਪਤਾ ਕਰਨਾ ਚਾਹੀਦਾ ਹੈ।" ਚੇਤੂ ਦਾ ਖਿਆਲ ਸੀ।

"ਚਰਾਂਦ ਦੀ ਬੇਰੀ ਨਾਲ ਸੰਗਲੀ ਦੀ ਕੁੰਡੀ ਫਸ ਕੇ ਗਲ ਘੁਟ ਕੇ ਵੀ ਤਾਂ ਮਰ ਸਕਦੀ ਹੈ" ਫੱਗੂ ਦਾ ਅਨੁਮਾਨ ਵੀ ਗਲਤ ਨਹੀਂ ਸੀ।

"ਜਵਾਨ ਪੱਠ ਸੀ ਕਿਸੇ ਬੋਕ ਨਾਲ ਤੁਰ ਗਈ ਹੋਣੀ ਏ," ਜੈਮਲ ਨੇ ਖੰਘੂਰਾ ਮਾਰ ਕੇ ਆਪਣਾ ਅੰਦਾਜ਼ਾ ਪ੍ਰਗਟ ਕੀਤਾ। ਉਸ ਨੂੰ ਥਾਣੇ ਦੀ ਕੁਟ ਉਂਕੀ ਹੀ ਭੁਲ ਚੁਕੀ ਜਾਪਦੀ ਸੀ।

"ਚਲੋ ਨਵੇਂ ਦੁਧ ਹੋ ਕੇ ਆ ਜਾਵੇਗੀ," ਬਾਂਕੇ ਲੁਹਾਰ ਨੇ ਮੁਸਕੜੀ ਹਸਦਿਆਂ ਕਿਹਾ।

ਜੈਮਲ ਤੇ ਬਾਂਕੇ ਦੀ ਗਲ ਤੋਂ ਥਾਣੇਦਾਰ ਦਾ ਹਾਸਾ ਨਿਕਲ ਚਲਿਆ ਸੀ, ਜਿਹੜਾ ਉਸ ਨੇ ਬੜੀ ਮੁਸ਼ਕਲ ਨਾਲ ਰੋਕਿਆ। ਹਾਸਾ ਰੋਕਦਿਆਂ ਉਸ ਦਾ ਮੂੰਹ ਲਾਲ ਹੋ ਗਿਆ ਤੇ ਇਹੀਓ ਲਾਲੀ ਗੁਸੇ ਵਿਚ ਵਟਾ ਕੇ ਉਸ ਨੇ ਹੁਕਮ ਦਿਤਾ, "ਜਿੰਨੀ ਦੇਰ ਡੱਬੀ ਬੱਕਰੀ ਦੀ ਸੂਹ ਨਹੀਂ ਮਿਲਦੀ ਤੁਹਾਡੇ ਵਿਚੋਂ ਕੋਈ ਵੀ ਘਰ ਨਹੀਂ ਜਾ ਸਕਦਾ।"

ਪਿੰਡਾਂ ਦੇ ਚੋਣਵੇਂ ਪਤਵੰਤੇ ਤੇ ਬਦਮਾਸ਼ ਇਕ ਦੂਜੇ ਦੇ ਮੂੰਹਾਂ ਵਲ ਤੱਕਣ ਲਗੇ। ਏਡੇ ਛੋਟੇ ਥਾਣੇ ਵਿਚ ਏਨੇ ਬੰਦਿਆਂ ਲਈ ਖਾਣ ਦਾ ਕੋਈ ਪ੍ਰਬੰਧ ਨਹੀਂ ਸੀ ਹੋ ਸਕਦਾ। ਸੌਣ ਲਈ ਤਾਂ ਕੀ, ਬੈਠਣ ਤਕ ਲਈ ਮੰਜੀਆਂ ਨਹੀਂ ਸਨ।

"ਕਿੰਨੀ ਕੁ ਉਮਰ ਸੀ ਮਾਰਾਜ ਪੱਠ ਦੀ," ਸਾਉਂਸਪੁਰੀਏ ਮਚਲੇ ਨੰਬਰਦਾਰ ਨੇ ਪੁਛਿਆ, ਜਿਸ ਦੀ ਉਮਰ ਕੋਈ ਅੱਸੀਆਂ ਦੇ ਲਗ ਪਗ ਹੋਵੇਗੀ।

"ਕੱਤੇ ਦੀ ਮੱਸਿਆ ਨੂੰ ਹਾਲੀ ਗਿਆਰ੍ਹਵਾਂ ਮਹੀਨਾ ਲਗਿਆ ਸੀ ਮਾਲਕੋ," ਜੇਠੂ ਨੇ ਨੀਵੀਂ ਅਵਾਜ਼ ਉਤਰ ਦਿਤਾ।

"ਤੇ ਕਿੰਨਾ ਕੁ ਭਾਰ ਹੋਵੇਗਾ," ਬਿਰਧ ਨੇ ਹੋਰ ਪ੍ਰਸ਼ਨ ਕੀਤਾ।

"ਇਹੋ ਜਿਹੜਾ ਦਸ ਗਿਆਰਾਂ ਮਹੀਨੇ ਦੀ ਪੱਠ ਦਾ ਹੁੰਦਾ ਹੈ, ਇਹ ਕਿਹੜਾ ਤੋਲ ਕਰਵਾਉਂਦਾ ਰਿਹੈ," ਥਾਣੇਦਾਰ ਬੋਲਿਆ।


IMPORTERS EXPORTERS WHOLESALERS RETAILERS

ROKKO SAREES & FABRICS

635 BLOOR STREET WEST, TORONTO, ONTARIO, CANADA.

PHONE: 533-1106

OWNED AND OPERATED BY B. S. KHURANA AND SONS AND GRANDSONS

"ਤਾਂ ਤੇਸ ਤਰ੍ਹਾਂ ਦੇ ਹੁਲੀਏ ਵਾਲੀ ਬੱਕਰੀ ਦਾ ਤਾਂ ਮੈਨੂੰ ਪਤਾ ਏ, ਕਿਸ ਖੋਹਲੀ ਸੀ।"

ਸਾਰੇ ਸਾਉਂਸਪੁਰ ਦੇ ਬਿਰਧ ਨੰਬਰਦਾਰ ਵਲ ਤੱਕਣ ਲਗ ਪਏ।

"ਉਹਨੂੰ ਢੋਲੇਵਾਲ ਦਾ ਸਫੈਦਪੋਸ਼ ਲੈ ਗਿਆ ਹੈ ਜੇ ਮੈਨੂੰ ਪੁਛਦੇ ਹੋ ਤਾਂ।"

ਤੱਕਣ ਵਾਲਿਆਂ ਦੀਆਂ ਨਜ਼ਰਾਂ ਹੋਰ ਵੀ ਖੋਜੀ ਹੋ ਗਈਆਂ। ਸਭ ਹੈਰਾਨ ਸਨ। "ਤੈਨੂੰ ਨਹੀਂ ਪੁਛਦੇ ਤਾਂ ਤੈਨੂੰ ਸਦਿਆ ਚੂਰੀ ਖਵਾਉਣ ਲਈ ਆ," ਬੜਾ ਥਾਣੇਦਾਰ ਗੁੱਸੇ ਵਿਚ ਸੜ ਗਿਆ।

"ਬੇਰੀਆਂ ਵਾਲੇ ਖੇਤ ਦੀ ਬੇਰੀ ਨਾਲੋਂ ਖੋਲ੍ਹਦਿਆਂ ਤਾਂ ਉਸ ਨੂੰ ਮੈਂ ਵੀ ਤਕਿਆ, ਪਰ ਮੈਨੂੰ ਕੀ ਪਤਾ ਸੀ ਉਹ ਲੈ ਹੀ ਜਾਵੇਗਾ," ਜੇਠੂ ਦੇ ਪਿੰਡ ਦੇ ਮਹਿਰੇ ਨੇ ਕਿਹਾ।

ਦੋ ਦਿਨਾਂ ਦੀ ਕੁਟ ਨਾਲ ਭੰਨੇ ਹੋਏ ਸਾਰੇ ਦਸ ਨੰਬਰੀਏ ਸਾਉਂਸਪੁਰ ਦੇ ਨੰਬਰਦਾਰ ਵਲ ਤੱਕਣ ਲਗ ਪਏ।

"ਆਪਣੀ ਧੀ ਦੇ ਘਰੋਂ ਪਰਤਦਿਆਂ ਮੇਰੀ ਨਜ਼ਰ ਨਾ ਪੈਂਦੀ, ਤਾਂ ਸ਼ਾਇਦ ਬੱਕਰੀ ਦੀ ਸਾਰੀ ਉਮਰ ਸੂਹ ਨਾ ਨਿਕਲਦੀ," ਸਾਉਂਸਪੁਰੀਆ ਨੰਬਰਦਾਰ ਬੁੜਬੁੜਾ ਰਿਹਾ ਸੀ।

ਇਹ ਗਲ ਪਰਤੱਖ ਸੀ ਕਿ ਬੇਰੀਆਂ ਵਾਲੇ ਖੇਤ ਵਿਚੋਂ ਗੁਜਰਪਰ ਦੇ ਜੇਠੂ ਦੀ ਡੱਬੀ ਬੱਕਰੀ ਢੋਲੇਵਾਲ ਦੇ ਬਾਬੇ ਨੇ ਖੋਹਲੀ ਸੀ। ਪਰ ਸਾਉਂਸਪੁਰੀਏ ਬਾਬੇ ਦੀ ਗਲ ਉਤੇ ਕਿਸੇ ਨੂੰ ਕੋਈ ਯਕੀਨ ਨਹੀਂ ਸੀ ਆ ਰਿਹਾ। ਥਾਣੇ ਦਾ ਸਾਰਾ ਅਮਲਾ ਪਰੇਸ਼ਾਨ ਸੀ। ਖਾਸ ਕਰਕੇ ਏਸ ਲਈ ਕਿ ਢੋਲੇਵਾਲੀਆ ਸਫੈਦਪੋਸ਼ ਖਾਂਦੇ ਪੀਂਦੇ ਘਰੋਂ ਸੀ।

"ਉਹ ਤਾਂ ਮੈਨੂੰ ਹੀ ਪਤਾ ਹੈ ਮਾਪਿਓ, ਏਸ ਬਿਰਧ ਉਮਰੇ ਢੋਲੇਵਾਲ ਦਾ ਸਫੈਦ ਪੋਸ਼ ਉਸ ਨੂੰ ਕਿਹੜੇ ਹਾਲੀਂ ਬਾਰਾਂ ਕੋਹ ਚੁਕ ਕੇ ਲੈ ਗਿਆ।"

"ਜੀਉਂਦੇ ਬੋਝੇ ਨੂੰ ਚਾਦਰ ਵਿਚ ਚੁਕੀ ਫਿਰਨਾ ਕੋਈ ਖੇਲ੍ਹ ਪਈ ਹੈ," ਬੁਢੇ ਨੇ ਜਿਵੇਂ ਗੁਸਾ ਕੀਤਾ ਹੋਵੇ।

ਹੁਣ ਉਹ ਬੱਕਰੀ ਕਿਥੇ ਸੀ, ਥਾਣੇਦਾਰ ਦੇ ਇਹ ਪ੍ਰਸ਼ਨ ਕਰਨ ਉਤੇ, "ਉਸੇ ਦੇ ਕੋਲ ਹੈ ਪੁਤਰਾ, ਹੋਰ ਕਿਥੇ ਹੋਣੀ ਸੀ," ਬੁਢੇ ਨੇ ਮਾਪਿਆਂ ਵਾਲੀ ਅਪਣੱਤ ਵਿਚ ਥਾਣੇਦਾਰ ਨੂੰ ਸਮਝਾਇਆ।

ਥਾਣੇ ਦੀ ਜ਼ਬਾਨ ਵਿਚ ਬਾਬੇ ਦਾ ਬਿਆਨ ਤਿੰਨ ਦਿਨਾਂ ਤੋਂ ਉਲਝੀ ਪਹੇਲੀ ਦਾ ਹੱਲ ਤਾਂ ਸੀ, ਪਰ ਸੌ ਫੀ ਸਦੀ ਨਹੀਂ। ਇਹ ਬਿਆਨ ਥਾਣੇ ਵਿਚ ਬੱਝੇ ਲੋਕਾਂ ਨੂੰ ਘੜੀ ਦੀ ਘੜੀ ਛੁਡਾਉਣ ਦਾ ਢਕਾਉਂਸਲਾ ਵੀ ਤਾਂ ਹੋ ਸਕਦਾ ਸੀ।

ਥਾਣੇਦਾਰ ਨੇ ਖੰਘੂਰਾ ਮਾਰ ਕੇ, ਸਾਉਂਸਪੁਰ ਦੇ ਨੰਬਰਦਾਰ ਤੋਂ ਬਿਨਾਂ ਬਾਕੀ ਸਭਨਾਂ ਨੂੰ ਘਰ ਜਾਣ ਦਾ ਹੁਕਮ ਸੁਣਾ ਦਿਤਾ। ਛੋਟੇ ਥਾਣੇਦਾਰ ਨੂੰ ਹੁਕਮ ਹੋਇਆ ਕਿ ਇਕ ਸਿਪਾਹੀ ਨੂੰ ਨਾਲ ਲੈ ਕੇ ਢੋਲੇਵਾਲ ਵਾਲੇ ਸਫੈਦ ਪੋਸ਼ ਨੂੰ ਬੁਲਾ ਲਿਆਵੇ। ਕੁਦਰਤੀ ਸੀ ਕਿ ਸਾਉਂਸਪੁਰ ਵਾਲੇ ਬਾਬੇ ਦੀ ਗਲ ਵਿਚ ਕਿਸੇ ਨੂੰ ਵੀ ਪੂਰਾ ਯਕੀਨ ਨਹੀਂ ਸੀ ਆ ਰਿਹਾ। ਜਦੋਂ ਦਾ ਇਹ ਥਾਣੇਦਾਰ ਇਸ ਥਾਣੇ ਆਇਆ ਸੀ ਸਫੈਦ ਪੋਸ਼ ਦੀ ਚੰਗੀ ਮੰਦੀ ਨਹੀਂ ਸੀ ਸੁਣੀ। ਉਂਝ ਵੀ ਉਹ ਚੰਗੇ ਖਾਂਦੇ ਪੀਂਦੇ ਘਰ ਦਾ ਸੀ, ਤੇ ਹੁਣ ਤਾਂ ਸੁਖ ਨਾਲ ਪੁਤਰ ਵੀ ਸੋਹਣੇ ਰੁਜ਼ਗਾਰ ਉਤੇ ਸਨ। ਇਕ ਨਾਲ ਦੇ ਬਲਾਕ ਦਾ ਬਲਾਕ ਅਧਿਕਾਰੀ ਤੇ ਪੰਚਾਇਤ ਅਫਸਰ ਸੀ, ਦੂਜਾ ਫੌਜ ਵਿਚ ਲਫਟੈਣ ਸੀ ਤੇ ਤੀਜਾ ਘਰ ਵਿਚ ਟਰੈਕਟਰ ਆਦਿ ਨਾਲ ਖੇਤੀ ਕਰਦਾ ਸੀ। ਪਰ ਜਿੰਨਾ ਚਿਰ ਕਿਸੇ ਚੋਰੀ ਦਾ ਪੂਰਾ ਸਬੂਤ ਨਾ ਮਿਲ ਜਾਵੇ, ਉਸ ਨੂੰ ਥਾਣੇ ਵਿਚ ਵੀ ਧੱਕਾ ਦੇ ਕੇ ਨਹੀਂ ਸੀ ਲਿਆਂਦਾ ਜਾ ਸਕਦਾ। ਕਿਸੇ ਨੂੰ ਵੀ ਇਸ ਗਲ ਦਾ ਯਕੀਨ ਨਹੀਂ ਸੀ ਆ ਰਿਹਾ ਕਿ ਢੋਲੇਵਾਲੀਏ ਸਫੈਦ ਪੋਸ਼ ਨੇ ਜੇਠੂ ਦੀ ਬੱਕਰੀ ਖੋਹਲੀ ਹੋਵੇਗੀ।

ਪਰ ਜਦੋਂ ਕੋਈ ਅਚਾਨਕ ਜਾਂ ਜਾਣ ਬੁਝ ਕੇ ਇਹੋ ਜਿਹੇ ਮਾਮਲੇ ਵਿਚ ਫਸ ਜਾਵੇ ਤਾਂ ਉਸ ਨੂੰ ਬਿਲਕੁਲ ਹੀ ਸ਼ਕ-ਹੀਣ ਨਜ਼ਰਾਂ ਨਾਲ ਵੀ ਨਹੀਂ ਤੱਕਿਆ ਜਾ ਸਕਦਾ। ਥਾਣੇ ਤੋਂ ਢੋਲੇਵਾਲ ਤਕ ਰਾਹ ਵਿਚ ਪੈਂਦੇ ਸਾਰੇ ਪਿੰਡਾਂ ਵਿਚ ਜਿਥੋਂ ਵੀ ਪੁਲਸ ਵਾਲੇ ਲੰਘੇ ਘੁਸਰ ਮੁਸਰ ਸ਼ੁਰੂ ਹੋ ਗਈ ਸੀ। ਕੋਈ ਕਹਿੰਦਾ ਸੀ ਕਿ ਸਫੈਦ ਪੋਸ਼ ਜੱਦੀ ਚੋਰ ਹੈ, ਪਰ ਕੰਮ ਕਾਰ ਵਿਚ ਵਾਧਾ ਹੋਣ ਨਾਲ ਇਸ ਨੇ ਆਪਣੀ ਭੈੜੀ ਆਦਤ ਛਡ ਦਿਤੀ ਹੈ। ਪੁਲਸ ਦੇ ਇਕ ਸਿਪਾਹੀ ਨੇ ਥਾਣੇਦਾਰ ਨੂੰ ਇਥੋਂ ਤਕ ਵੀ ਦਸਿਆ ਕਿ ਵੀਹ ਵਰ੍ਹੇ ਪਹਿਲਾਂ ਸਫੈਦ ਪੋਸ਼ ਨੇ ਮਸੂਸ ਪੁਰ ਦੀ ਘਲਾੜੀ ਨਾਲੋਂ ਬੇਲਣ ਖੋਹਲ ਕੇ ਆਪਣੇ ਘਰ ਲਿਜਾ ਸੁਟੀ ਸੀ ਤੇ ਉਹ ਪੂਰੇ ਪੰਜ ਕੋਹ ਇਸ ਬੇਲਣ ਨੂੰ ਆਪਣੇ ਮੋਢਿਆਂ ਉਤੇ ਇਕੱਲਾ ਹੀ ਚੁਕੀ ਗਿਆ ਸੀ। ਸੰਤਗੜ੍ਹ ਦੇ ਨੰਬਰਦਾਰ ਨੇ ਵੀ ਬਾਈ ਵਰ੍ਹੇ ਪਹਿਲਾਂ ਦੀ ਕਿਸੇ ਏਸੇ ਤਰ੍ਹਾਂ ਦੀ ਚੋਰੀ ਦਾ ਜ਼ਿਕਰ ਕਰਦਿਆਂ ਉਹ ਚੋਰੀ ਸਫੈਦ ਪੋਸ਼ ਦੇ ਨਾਂ ਲਾਈ ਸੀ। ਉਦੋਂ ਉਹ ਸੰਤਗੜ੍ਹੀਏ ਰਲਾ ਸਿਹੁੰ ਦਾ ਕੜਾਹਾ ਪੁਟ ਕੇ ਲੈ ਗਿਆ ਸੀ ਤੇ ਘਰ ਜਾ ਕੇ ਇਸ ਕੜਾਹੇ ਦੀ ਉਸ ਆਪਣੇ ਬਲਦਾਂ ਲਈ ਖੁਰਲੀ ਬਣਾ ਦਿਤੀ ਸੀ। ਸਫੈਦ ਪੋਸ਼ ਦੇ ਆਪਣੇ ਪਿੰਡ ਦੇ ਭਰਾਈ ਨੇ ਉਸ ਉਤੇ ਇਹ ਵੀ ਦੋਸ਼ ਲਾਇਆ ਕਿ ਵੰਡ ਦੇ ਦਿਨਾਂ ਵਿਚ ਉਸ ਨੇ ਮੁਲਾਂਪੁਰ ਦੀ ਮਸੀਤ ਵਾਲੇ ਵਰਾਂਡੇ ਦੀਆਂ ਸਾਰੀਆਂ ਸ਼ਤੀਰਾਂ ਇਕ ਇਕ ਕਰਕੇ ਆਪਣੇ ਘਰ ਲਿਆ ਸੁਟੀਆਂ ਸਨ ਤੇ ਉਸ ਦੇ ਪੁਤਰ ਜਿਹੜੇ ਉਦੋਂ ਜੁਆਨ ਹੋ ਚੁਕੇ ਸਨ, ਉਸ ਨੂੰ ਬੜੇ ਗੁਸੇ ਹੋਏ ਸਨ। ਸਫੈਦਪੋਸ਼ ਦੇ ਦਿਹਾੜੀਏ ਨੇ ਏਸ ਗਲ ਦਾ ਵੀ ਦਾਅਵਾ ਕੀਤਾ ਕਿ ਹਾਲੀ ਤਕ ਵੀ ਸਫੈਦ ਪੋਸ਼ ਦੀ ਡੰਗਰਾਂ ਵਾਲੀ ਹਵੇਲੀ ਵਿਚ ਇਕ ਕਮਰਾ ਅਜਿਹਾ ਸੀ ਜਿਸ ਵਿਚ ਉਸ ਨੇ ਆਪਣੀਆਂ ਚੋਰੀ ਕੀਤੀਆਂ ਨਿਕੀਆਂ ਮੋਟੀਆਂ ਸਭ ਚੀਜ਼ਾਂ ਨੁਮਾਇਸ਼ ਵਾਂਗ ਸਜਾ ਕੇ

IMPORTERS EXPORTERS WHOLESALERS RETAILERS

**ROKKO SAREES & FABRICS** 27 SUSSEX RD., SOUTH CROYDON, LONDON, ENGLAND. PHONE: 688-4590

OWNED AND OPERATED BY B. S. KHURANA AND SONS AND GRANDSONS

ਰਖੀਆਂ ਹੋਈਆਂ ਸਨ ।

ਭੋੜੀ ਗਲ ਕਿੰਨੀ ਛੇੜੀ ਵੈਲਦੀ ਹੈ । ਸਾਉਂਸਪੁਰੀਏ ਬਾਬੇ ਦੇ ਕਹਿਣ ਤੋਂ ਘੰਟੇ ਭਰ ਦੇ ਅੰਦਰ ਅੰਦਰ ਇਸ ਤਰ੍ਹਾਂ ਦੀਆਂ ਅਨੇਕਾਂ ਸੂਹਾਂ ਬੜੇ ਥਾਣੇਦਾਰ ਤਕ ਪਹੁੰਚ ਗਈਆਂ । ਥਾਣੇਦਾਰ ਨੂੰ ਇਹ ਗਲਾਂ ਸਚੀਆਂ ਵੀ ਲਗਦੀਆਂ ਸਨ ਤੇ ਨਹੀਂ ਵੀ । ਉਸ ਨੇ ਫਲੌਰ ਦੇ ਕਿਲ੍ਹੇ ਵਿਚ ਥਾਣੇਦਾਰੀ ਦਾ ਕੋਰਸ ਕਰਦਿਆਂ ਪੜ੍ਹਿਆ ਸੀ ਕਿ ਚੋਰੀ ਦਾ ਕਾਰਨ ਮਜਬੂਰੀ ਦੀ ਥਾਂ ਖੱਬਤ ਵੀ ਹੋ ਸਕਦਾ ਸੀ । ਕਈ ਵਾਰੀ ਚੋਰੀ ਕਰਨ ਵਾਲੇ ਨੂੰ ਚੋਰੀ ਦਾ ਭੁਸ ਪੈ ਜਾਂਦਾ ਹੈ ਤੇ ਉਹ ਚੋਰੀ ਨਹੀਂ ਛਡ ਸਕਦਾ । ਉਸ ਨੇ ਇਹ ਵੀ ਪੜ੍ਹਿਆ ਸੀ ਕਿ ਪਛਮ ਦੇ ਇਕ ਬਾਦਸ਼ਾਹ ਨੂੰ ਚੋਰੀ ਕਰਨ ਦਾ ਅਜਿਹਾ ਭੁਸ ਸੀ ਕਿ ਜਦੋਂ ਕਦੀ ਵੀ ਉਹ ਬਜ਼ਾਰ ਜਾਂਦਾ ਤਾਂ ਹਰ ਦੁਕਾਨ ਤੋਂ ਕੁਝ ਨਾ ਕੁਝ ਚੁਕ ਕੇ ਆਪਣੇ ਓਵਰਕੋਟ ਦੀ ਜੇਬ ਵਿਚ ਪਾ ਲੈਂਦਾ ਤੇ ਉਸ ਦੇ ਅਰਦਲੀ ਨਾਲੋ ਨਾਲ ਦੁਕਾਨਦਾਰ ਨੂੰ ਉਸ ਦੀ ਚੀਜ਼ ਦੇ ਪੈਸੇ ਦਿੰਦੇ ਤੁਰੇ ਜਾਂਦੇ । ਇਹ ਪੈਸਾ ਭਾਵੇਂ ਬਾਦਸ਼ਾਹ ਦੇ ਖਜ਼ਾਨੇ ਵਿਚੋਂ ਹੀ ਜਾਂਦਾ ਸੀ, ਪਰ ਬਾਦਸ਼ਾਹ ਨੂੰ ਏਸ ਗਲ ਦੀ ਖਬਰ ਤਕ ਨਹੀਂ ਸੀ ਲਗਣ ਦਿਤੀ ਜਾਂਦੀ । ਬਾਦਸ਼ਾਹ ਸਲਾਮਤ ਨੂੰ ਏਸ ਗਲ ਨਾਲ ਬੜੀ ਸੰਤੁਸ਼ਟੀ ਹੁੰਦੀ ਸੀ ਕਿ ਉਸ ਏਨੀਆਂ ਵਸਤਾਂ ਚੋਰੀ ਕੀਤੀਆਂ ਸਨ । ਸੋਚਾਂ ਸੋਚਦਿਆਂ ਉਸ ਨੂੰ ਆਪਣੇ ਹੋਸਟਲ ਵਿਚ ਰਹਿੰਦਾ ਸ਼ਹਿਰ ਦੇ ਅਮੀਰ ਸੇਠ ਦਾ ਪੁਤਰ ਕਨ੍ਹਈਆ ਲਾਲ ਵੀ ਚੇਤੇ ਆਇਆ ਜਿਸ ਨੂੰ ਹੋਸਟਲ ਦੇ ਮੁੰਡਿਆਂ ਦੀਆਂ ਜੁਤੀਆਂ ਚੁਰਾਣ ਦਾ ਭੁਸ ਸੀ ਤੇ ਇਹ ਜੁਤੀਆਂ ਉਸ ਦੇ ਕਿਸੇ ਕੰਮ ਨਹੀਂ ਸਨ ਆਉਂਦੀਆਂ, ਤੇ ਨਾ ਹੀ ਉਹ ਮੁੰਡਿਆਂ ਦੀਆਂ ਜੁਤੀਆਂ ਕਿਸੇ ਕੰਮ ਲਿਆਉਣ ਜਾਂ ਵੇਚਣ ਲਈ ਚੁਕਦਾ ਸੀ । ਉਹ ਤਾਂ ਕੇਵਲ ਆਦਤ ਤੋਂ ਮਜਬੂਰ ਸੀ ਤੇ ਉਸ ਦੀ ਇਸ ਮਜਬੂਰੀ ਦਾ ਕੇਵਲ ਉਦੋਂ ਪਤਾ ਲਗਿਆ ਸੀ ਜਦ ਉਹ ਹੋਸਟਲ ਛਡ ਕੇ ਚਲਾ ਗਿਆ ਸੀ । ਉਹ ਵੀ ਏਦਾਂ ਕਿ ਜਿਸ ਨੂੰ ਕਨ੍ਹਈਆ ਲਾਲ ਵਾਲਾ ਨਵਾਰੀ ਪਲੰਘ ਮਿਲਿਆ ਸੀ ਉਸ ਨੇ ਹੋਸਟਲ ਦੇ ਵਾਰਡਨ ਨੂੰ ਖਬਰ ਦਿਤੀ ਸੀ ਕਿ ਪਲੰਘ ਦੀਆਂ ਨਵਾਰਾਂ ਦੇ ਵਿਚਕਾਰਲੀ ਖਾਲੀ ਥਾਂ ਵਿਚ ਭਾਂਤ ਭਾਂਤ ਦੀਆਂ ਜੁਤੀਆਂ, ਨਵੀਆਂ ਤੇ ਪੁਰਾਣੀਆਂ, ਭਰੀਆਂ ਪਈਆਂ ਸਨ । ਕਨ੍ਹਈਆ ਲਾਲ ਜੁਤੀਆਂ ਚੋਰੀ ਕਰਕੇ ਉਥੇ ਦੀਆਂ ਉਥੇ ਹੀ ਛਡ ਗਿਆ ਸੀ ।

ਬੜਾ ਥਾਣੇਦਾਰ ਹਾਲੀ ਏਸ ਤਰ੍ਹਾਂ ਦੀਆਂ ਸੋਚਾਂ ਸੋਚ ਹੀ ਰਿਹਾ ਸੀ ਕਿ ਛੋਟਾ ਥਾਣੇਦਾਰ ਹਥ ਲਮਕਾਉਂਦਾ ਆ ਗਿਆ । ਉਸ ਨੂੰ ਢੋਲੇਵਾਲ ਤੋਂ ਬੱਕਰੀ ਦੀ ਉੱਕੀ ਹੀ ਸੂਹ ਨਹੀਂ ਸੀ ਮਿਲੀ । ਸਫੈਦ ਪੋਸ਼ ਤੇ ਉਸ ਦਾ ਪੁਤਰ, ਜਿਨ੍ਹਾਂ ਨੂੰ ਛੋਟਾ ਥਾਣੇਦਾਰ ਨਾਲ ਲੈ ਆਇਆ ਸੀ, ਪੈਰਾਂ ਉਤੇ ਪਾਣੀ ਹੀ ਨਹੀਂ ਸੀ ਪੈਣ ਦਿੰਦੇ । ਸਗੋਂ ਦੋਵੇਂ ਪਿਉ ਪੁਤਰ ਆਪਣੀ ਇਜ਼ਤ ਦਾ ਸਵਾਲ ਪੈਦਾ ਕਰਕੇ ਥਾਣੇਦਾਰ ਅਤੇ ਸਾਉਂਸਪੁਰੀਏ ਬੁਢੇ ਨੂੰ ਅੱਖਾਂ ਦਿਖਾ ਰਹੇ ਸਨ । ਥੋੜਾ

THERE'S LIFE AT MARS

MARS REALTY LTD.
5467 VICTORIA DR., VANCOUVER, B.C.
327-8315



ਹਰ ਪਰਕਾਰ ਦੀ ਜਾਇਦਾਦ -
RESIDENTIAL, COMMERCIAL & REVENUE - ਖਰੀਦਣ ਜਾਂ ਵੇਚਣ ਸਮੇਂ ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

ਦਰਸ਼ਨ ਬਰਾੜ

*Darshan Brar*

*Res. 433-3334*

MORTGAGES - APPRAISALS - RENTALS - SALES

ਚਿਰ ਯਈਂ ਯਈਂ ਕਰਕੇ ਸਾਉਂਸਪੁਰੀਏ ਬੁਢੇ ਨੂੰ ਵੀ ਚੁਪ ਹੋਣਾ ਪਿਆ । ਮੁੜ ਆਸ਼ਾਵਾਦੀ ਹੋਏ ਜੇਠੂ ਨੂੰ ਵੀ ਬੜੇ ਥਾਣੇਦਾਰ ਦੇ ਕੇਵਲ ਇਹੀਓ ਵਾਕ ਸੁਣਾਈ ਦਿਤੇ, "ਸਾਲਿਆ ਬੇਰੀਆਂ ਦਿਆ ਬੱਕਰੀ ਤੂੰ ਆਪ ਖੁਲ੍ਹਵਾ ਕੇ ਲੋਕਾਂ ਨੂੰ ਦੋਸ਼ ਦੇਂਦਾ ਪਿਆਂ, ਜਾ ਭਜ ਜਾ ਇਥੋਂ, ਜੇ ਤੈਨੂੰ ਜਾਨ ਦੀ ਖੈਰ ਹੈ ਤਾਂ, ਨਹੀਂ ਤਾਂ ਸਾਲ ਭਰ ਲਈ ਬੰਨ੍ਹ ਦਊਂਗਾ ਭੂਤਨੀ ਦੇ ਨੂੰ ।"

ਬਲਾਕ ਅਧਿਕਾਰੀ ਪੁੱਤ੍ਰ ਨੇ ਬੜੇ ਥਾਣੇਦਾਰ ਦੇ ਫੈਸਲੇ ਦਾ ਧੰਨਵਾਦ ਕੀਤਾ ।

"ਸਾਹਬ ਜੀ," ਸਫੇਦ ਪੋਸ਼ ਹਥ ਜੋੜ ਕੇ ਥਾਣੇਦਾਰ ਨੂੰ ਕੁਝ ਕਹਿ ਰਿਹਾ ਸੀ । ਪੁਤਰ ਪਿਛਾਂਹ ਪਰਤ ਆਇਆ । ਉਸ ਨੇ ਸਮਝਿਆ ਬਾਪੂ ਥਾਣੇਦਾਰ ਦਾ ਧੰਨਵਾਦ ਕਰਨਾ ਚਾਹੁੰਦਾ ਹੈ ।

ਥਾਣੇਦਾਰ ਉਸ ਵਲ ਤਕ ਰਿਹਾ ਸੀ ।

"ਸਾਹਬ ਜੀ," ਸਫੇਦ ਪੋਸ਼ ਨੇ ਥੋੜਾ ਰੁਕ ਕੇ ਅਰਜ਼ ਕੀਤੀ ।" ਸਾਹਬ ਜੀ ਤੁਸੀਂ ਇਹ ਤਾਂ ਮੈਨੂੰ ਦਸਿਆ ਹੀ ਨਹੀਂ ਕਿ ਬੱਕਰੀ ਹੁਣ ਮੇਰੀ ਹੋ ਗਈ ਕਿ ਮੈਂ ਜੇਠੂ ਨੂੰ ਵਾਪਸ ਕਰ ਦਿਆਂ ।"

ਸਫ਼ੈਦਪੋਸ਼ ਨੂੰ ਤਿੰਨ ਦਿਨ ਤੋਂ ਤੂੜੀ ਵਾਲੇ ਅੰਦਰ ਡੱਕੀ ਹੋਈ ਬਕਰੀ ਬਾਰੇ ਦਿੱਤੇ ਫੈਸਲੇ ਦੀ ਸਮਝ ਨਹੀਂ ਸੀ ਪਈ । ●

MOVIES FOREIGN EXCHANGE CONCERT

SIHOTA DISTRIBUTORS

MANAGER. KARTAR SINGH AHLUWALIA

3483 KINGSWAY, VANCOUVER, B.C. PHONE: 438-1304
CANADA. V5R 5L5 324-2557

# Mohinder Kapoor & Hem Lata

S & S PICTUR

*proudly*

ONLY ONE

Mohinder Kapoor & Hem Lata

QUEEN ELIZABETH THEATRE

Sunday April 14, 1974

at

8:00 P.M.



For further information:

S. & S. Pictures Distributors Ltd.

Phone 874-2249

TICKETS $ 5-6-7-8-10

**Mohinder Ka**





Mr. Percy John

Mr Thakur Singh

# Mohinder Kapoor & Hem Lata

DISTRIBUTORS

presents

SHOW IN B.C.

oor & Hem Lata

With a party of ten people including a comedian, dancers and musicians.

# Mohinder Kapoor & Hem Lata



Mr Shyam Sharma Mr Nari Sharma Mr. Vinod Bhatt



ਭਾਰਤੀ ਫ਼ਿਲਮ ਜਗਤ ਦੇ ਪ੍ਰਸਿੱਧ ਗਾਇਕ
ਤੇ
ਗਾਇਕਾ

## ਮਹਿੰਦਰ ਕਪੂਰ ✱ ਹੇਮ ਲਤਾ

ਦਸ ਹੋਰ ਫ਼ਿਲਮੀ ਕਲਾਕਾਰਾਂ ਸਮੇਤ

14 ਅਪ੍ਰੈਲ 1974 ਨੂੰ ਸ਼ਾਮ ਦੇ 8 ਵਜੇ

## ਕੁਈਨ ਐਲਿਜ਼ਬੈਥ ਥੀਏਟਰ

ਵਿਚ ਪੇਸ਼ ਕਰ ਰਹੇ ਨੇ ਆਪਣਾ ਮਨਮੋਹਕ ਪ੍ਰੋਗਰਾਮ

ਟਿਕਟ : 5, 6, 7, 8 ਅਤੇ 10 ਡਾਲਰ

( ਬੀ. ਸੀ. ਵਿਚ ਕੇਵਲ ਇਕ ਸ਼ੋ )

Mohinder Kapoor & Hem Lata

Mohinder Kapoor & Hem Lata

# ਅਲਬਰਟ ਆਈਨਸਟਾਈਨ

ਅਜਮੇਰ ਸਿੰਘ

ਅਪਰੈਲ 1955 ਵਿਚ ਸਦਾ ਲਈ ਵਿਛੜੇ ਮਹਾਨ ਵਿਗਿਆਨੀ ਨੂੰ ਸਮਰਪਿਤ

"The most beautiful thing, we can experience is the mysterious. It is the source of all true art and science. He, to whom, this emotion is a stranger, who can no longer pause to wonder and stand rapt in awe, is as good as dead. His eyes are closed."

—Albert Einstein

ਧਰਤੀ ਤੇ ਕਦੀ ਕਦੀ ਅਜੇਹੇ ਮਨੁੱਖ ਵੀ ਆਉਂਦੇ ਹਨ ਜਿਨ੍ਹਾਂ ਨੂੰ ਪ੍ਰਕ੍ਰਿਤੀ ਦੇ ਰਹੱਸ ਵਿਚੋਂ ਮਹਾਨ ਸੁੰਦਰਤਾ ਵਿਖਾਈ ਦੇਂਦੀ ਹੈ। ਰਹੱਸ ਦੀ ਇਸ ਸੁੰਦਰਤਾ ਵਲ ਖਿੱਚੇ ਮਨੁੱਖਾਂ ਲਈ ਸਭ ਦੁਨਿਆਵੀ ਖਿੱਚਾਂ ਤੇ ਆਨੰਦ ਨਿਗੂਣੇ ਹੋ ਜਾਂਦੇ ਹਨ। ਉਹ ਸਾਰੀ ਉਮਰ ਪ੍ਰਕ੍ਰਿਤੀ ਨੂੰ ਬਾਲਕ ਦੀ ਜਿਗਿਆਸਾ ਨਾਲ ਪ੍ਰਸਨ ਕਰਦੇ ਹਨ। ਰਹੱਸ ਦੀ ਸੁਨਹਰੀ ਧੁੰਦ ਵਿਚੋਂ ਕਦੀ ਕਦੀ ਰੋਸਨੀ ਦੀ ਝਲਕ ਪੈਂਦੀ ਹੈ, ਸੁੰਦਰਤਾ ਦੇ ਬੁਲ੍ਹ ਫਰਕਦੇ ਹਨ ਤੇ ਅਜੇਹੀ ਅਲੌਕਿਕ ਘਟਨਾ ਦੇ ਆਨੰਦ ਨੂੰ ਇਹ ਮਨੁੱਖ ਬਾਕੀ ਸਭ ਨਾਲ, ਕਿਸੇ ਸੁੰਦਰ ਢੰਗ ਵਿਚ ਸਾਝਾ ਕਰ ਲੈਂਦੇ ਹਨ। ਅਲਬਰਟ ਆਈਨਸਟਾਈਨ ਦੁਨੀਆ ਦੇ ਅਜੇਹੇ ਕੁਝ ਮਨੁੱਖਾ ਵਿਚੋਂ ਇਕ ਸੀ। ਨਿਕੋਲਸ ਕੋਪਟਨੀਕਸ ਤੇ ਚਾਰਲਸ ਡਾਰਵਿਨ ਵਾਂਗ ਅਲਬਰਟ ਆਈਨਸਟਾਈਨ ਦੀਆਂ ਖੋਜਾਂ ਨੇ ਵੀ ਦੁਨੀਆ ਦੀ ਸੋਚ-ਪ੍ਰਣਾਲੀ ਵਿਚ ਇਕ ਨਵਾ ਮੋੜ ਲਿਆਂਦਾ। ਆਈਨਸਟਾਈਨ ਤੋਂ ਪਹਲਾਂ ਭੌਤਿਕ ਵਿਗਿਆਨ ਦੇ ਆਕਾਸ਼ ਤੇ ਗਾੜ੍ਹੀ ਧੁੰਧ ਛਾਈ ਹੋਈ ਸੀ, ਜਿਸ ਵਿਚੋਂ ਕੁਝ ਵੀ ਸਾਫ਼ ਵਿਖਾਈ ਨਹੀਂ ਸੀ ਦੇਂਦਾ। ਆਈਨਸਟਾਈਨ ਦਿਨ ਦੇ ਚਾਨਣ ਵਾਗ ਆਇਆ ਤੇ ਲੋਕਾਂ ਨੇ ਵਿਸ੍ਵ ਦੀ ਇਕ ਨਵੀਂ ਤਸਵੀਰ ਵੇਖੀ।

ਅਲਬਰਟ ਆਈਨਸਟਾਈਨ ਦਾ ਜਨਮ 14 ਮਾਰਚ, 1879 ਨੂੰ ਉਲਮ (ਜਰਮਨੀ) ਵਿਚ ਹੋਇਆ। ਪਿਤਾ ਹੇਅਰਮੱਨ ਆਈਨਸਟਾਈਨ ਤੇ ਚਾਚਾ ਜੈਕਬ ਇਕ ਛੋਟੀ ਫੈਕਟ੍ਰੀ ਦੇ ਮਾਲਿਕ ਸਨ। ਮਾਤਾ ਪਾਊਲਿਨ ਕੋਖ ਆਈਨਸਟਾਈਨ, ਚੰਗੇ ਸੁਭਾਂ ਦੀ ਇਸਤ੍ਰੀ ਸੀ ਜਿਸ ਨੂੰ ਆਪਣੀ ਪਿਆਨੋ ਨਾਲ ਪਿਆਰ ਸੀ। ਸਕੂਲ ਦੀ ਮੁਢਲੀ ਵਿਦਿਆ ਆਈਨ-ਸਟਾਈਨ ਨੇ ਮਿਊਨਿਸ਼ ਵਿਚ ਲਈ, ਜਿਥੇ ਉਸ ਦੇ ਮਾਤਾ ਪਿਤਾ ਉਲਮ ਤੋਂ ਆ ਗਏ ਸਨ। ਦਸ ਸਾਲ ਦੀ ਉਮਰ ਵਿਚ ਮੁਢਲੀ ਸਕੂਲੀ ਵਿਦਿਆ ਖ਼ਤਮ ਕਰ ਕੇ ਉਹ ਹਾਈ ਸਕੂਲ ਵਿਚ ਦਾਖਿਲ ਹੋਇਆ। ਉਥੇ ਉਸ ਨੂੰ ਕਰੜੇ ਅਸੂਲਾਂ ਵਿਚ ਰਹਣਾ ਪੈਂਦਾ। ਆਈਨਸਟਾਈਨ ਲਈ ਸਕੂਲ ਦਾ ਵਾਤਾਵਰਣ ਨਰਕ ਵਾਂਗ ਸੀ। ਆਈਨਸਟਾਈਨ ਦਾ ਮਨ ਅਕਸਰ ਰੇਖਾ-ਗਣਿਤ ਤੇ ਭੌਤਿਕ ਵਿਗਿਆਨ ਵਲ ਲੱਗਾ ਰਹੰਦਾ ਸੀ, ਤੇ ਜਾਂ ਇਨ੍ਹਾਂ ਤੋਂ ਹਟ ਕੇ ਵਾਇਲਨ ਤੇ ਪਿਆਨੋ ਵਲ। ਆਈਨਸਟਾਈਨ ਦੇ ਉਸਤਾਦ ਉਸ ਨੂੰ ਢਿੱਲੜ ਤੇ ਕਮਜ਼ੋਰ ਵਿਦਿਆਰਥੀ ਸਮਝਦੇ ਸਨ। ਇਕ ਦਿਨ ਪ੍ਰਿੰਸੀਪਲ ਨੇ ਉਸ ਨੂੰ ਦਫ਼ਤਰ ਵਿਚ ਬੁਲਾ ਕੇ ਕਹਿਆ, "ਜੇ ਤੂੰ ਇਹ ਸਕੂਲ ਛੱਡ ਦੇਵੇਂ ਤਾਂ ਚੰਗਾ ਹੈ"। ਅੰਤ ਆਈਨਸਟਾਈਨ ਨੂੰ ਇਹ ਸਕੂਲ ਇਕ ਨਿਕੰਮੇ ਵਿਦਿਆਰਥੀ ਵਾਂਗ ਡਿਪਲੋਮਾ ਹਾਸਿਲ ਕਰਨ ਤੋਂ ਬਿਨਾ ਹੀ ਛੱਡਣਾ ਪਇਆ। ਉਸ ਦਾ ਪਿਤਾ ਚਾਹੁੰਦਾ ਸੀ ਕਿ ਉਹ ਭੌਤਿਕ ਵਿਗਿਆਨੀ ਦੀ ਥਾਂ ਇੰਜੀਨੀਅਰ ਬਣੇ। ਇਸ ਲਈ ਆਈਨਸਟਾਈਨ ਸਵਿੱਸ ਫੇਡਰਲ ਪੌਲੀਟੈਕਨਿਕ ਸਕੂਲ ਵਿਚ ਦਾਖ਼ਿਲ ਹੋ ਗਇਆ।

ਆਈਨਸਟਾਈਨ ਦੀ ਉਮਰ ਇਸ ਵੇਲੇ 17 ਸਾਲ ਦੀ ਸੀ। ਜਵਾਨ ਕੁੜੀਆਂ ਉਸ ਦੇ ਘੁੰਘਰਾਲੇ ਵਾਲਾਂ ਵਲ ਪ੍ਰਸ਼ੰਸਾ-ਭਰੀਆਂ ਨਜ਼ਰਾਂ ਨਾਲ ਵੇਖਦੀਆਂ। ਅਲਬਰਟ ਇਨ੍ਹਾਂ ਤੋਂ ਅਕਸਰ ਬੇਪਰਵਾਹ ਰਹੰਦਾ, ਪਰ ਇਕ ਲੰਬੇ ਕੇਸਾਂ ਵਾਲੀ ਜਵਾਨ ਸਰਬੀਅਨ ਕੁੜੀ ਮਿਲੇਵਾ ਨੇ ਉਸ ਦਾ ਮਨ ਮੋਹ ਲਇਆ। ਇਸ ਕੁੜੀ ਨੂੰ ਭੌਤਿਕ ਵਿਗਿਆਨ ਨਾਲ ਡੂੰਘੀ ਦਿਲਚਸਪੀ ਸੀ। ਮਿਲੇਵਾ ਤੇ ਅਲਬਰਟ ਇੱਕੋ ਮੇਜ਼ ਤੇ ਪ੍ਰਯੋਗਸ਼ਾਲਾ ਵਿਚ ਕੰਮ ਕਰਦੇ ਸਨ। ਪਹਲੇ ਪਹਲ ਮਿਲੇਵਾ ਆਈਨਸਟਾਈਨ ਤੋਂ ਬੇਪਰਵਾਹ ਰਹੀ, ਪਰ ਆਈਨਸਟਾਈਨ ਦਾ ਝੁਕਾਂ ਉਸ ਵਲ ਵਧਦਾ ਹੀ ਗਇਆ। ਅਲਬਰਟ ਨੇ ਮਿਲੇਵਾ ਨਾਲ ਜਦ ਗੱਲਾਂ ਕਰਨ ਦੀ ਖ਼ਾਤਿਰ ਸਰਬੀਅਨ ਬੋਲੀ ਦੇ ਕੁਝ ਸ਼ਬਦ ਵੀ ਸਿੱਖ ਲਏ ਤਾਂ ਮਿਲੇਵਾ ਦਾ ਵੀ ਉਸ ਵਲ ਝੁਕਾਂ ਹੋ ਗਇਆ ਤੇ ਉਹ ਅਲਬਰਟ ਲਈ ਜਰਮਨ ਸਿੱਖਣ ਲੱਗ ਪਈ। ਅਲਬਰਟ ਦੇ ਪਿਤਾ ਦਾ ਕਾਰੋਬਾਰ ਇਸ ਵੇਲੇ ਬਿਲਕੁਲ ਮੱਠਾ ਪੈ ਚੁਕਾ ਸੀ, ਇਸ ਲਈ ਉਸ ਦੀ ਪੜ੍ਹਾਈ ਮੁਸਕਿਲ ਨਾਲ ਚੱਲ ਰਹੀ ਸੀ। ਤਾਂ ਵੀ ਉਹ ਗੀਤ-ਨਾਟ ਜਾਂ ਸੰਗੀਤ ਮਹਫ਼ਲਾਂ ਵਿਚ ਜਾਣੋਂ ਰਹ ਨ ਸਕਦਾ। ਇਸ ਸਮੇਂ, ਉਸ ਨੂੰ ਆਪਣੇ ਤੇ ਆਪਣੀ ਪ੍ਰੇਮਿਕਾ ਲਈ ਸਸਤੀ ਜੇਹੀ ਸੀਟ ਲੈਣ ਲਈ ਵੀ ਕਈ ਵਾਰ ਖਾਣਾ ਤਿਆਗਣਾ ਪੈਂਦਾ।

ਮਿਲੇਵਾ ਕਿੰਨਾ ਚਿਰ ਸ਼ਾਦੀ ਦੀ ਗੱਲ ਟਾਲਦੀ ਰਹੀ, ਪਰ ਆਈਨਸਟਾਈਨ ਦੇ ਜ਼ਿਆਦਾ ਕਹਣ ਤੇ ਉਸ ਨੂੰ ਮੰਨਣਾ ਪਇਆ। ਪੜ੍ਹਾਈ ਖ਼ਤਮ ਕਰਨ ਪਿਛੋਂ ਉਨ੍ਹਾਂ ਦੀ ਸ਼ਾਦੀ ਹੋ ਗਈ। ਯਹੂਦੀ ਹੋਣ ਕਾਰਣ ਅਲਬਰਟ ਲਈ ਨੌਕਰੀ ਲੱਭਣੀ ਮੁਸ਼ਕਿਲ ਸੀ। ਪਰ ਹਿੰਮਤ ਕਰਨ ਪਿੱਛੋਂ ਉਸ ਨੂੰ ਬੇਰੂਨੀ ਦੀ ਇਕ ਕੰਪਨੀ ਵਿਚ ਪੇਟੈਂਟ ਕਲਰਕ ਦੀ ਨੌਕਰੀ ਮਿਲ ਗਈ। ਇਸ ਨੌਕਰੀ ਤੇ ਉਹ ਕੋਈ 9 ਸਾਲ ਰਹਿਆ। ਇਥੇ ਹੋਰ ਕਈ ਮਹੱਤ੍ਵਪੂਰਣ ਖੋਜਾਂ ਤੋਂ ਬਿਨਾ ਉਸ ਨੇ 1905 ਵਿਚ ਆਪਣਾ ਵਿਸ਼ਿਸ਼ਟ ਆਪੇਖਿਕਤਾ-ਸਿੱਧਾਂਤ ਵੀ ਪ੍ਰਕਾਸ਼ਿਤ ਕੀਤਾ, ਜਿਸ ਨੇ ਸਾਰੇ ਵਿਗਿਆਨਿਕ ਜਗਤ ਨੂੰ ਹੈਰਾਨੀ ਵਿਚ ਪਾ ਦਿੱਤਾ। ਇਸ ਪਿਛੋਂ ਉਹ ਕਈ ਯੂਨੀਵਰਸਿਟੀਆਂ ਵਿਚ ਪ੍ਰੋਫ਼ੈਸਰ ਬਣ ਕੇ ਗਇਆ ਤੇ ਅੰਤ 1913 ਵਿਚ ਮਹਾਨ ਵਿਗਿਆਨੀ ਮੈਕਸਪਲੈਂਕ ਦੇ ਕਹਣ ਤੇ ਉਸ ਨੇ ਬਰਲਨ ਯੂਨੀਵਰਸਿਟੀ ਵਿਚ ਪ੍ਰੋਫੈਸਰ ਲੱਗਣ ਦਾ ਫ਼ੈਸਲਾ ਕੀਤਾ।

ਮਿਲੇਵਾ ਦੀ ਇਸ ਸਮੇਂ ਤੱਕ ਭੌਤਿਕ ਵਿਗਿਆਨ ਵਿਚੋਂ ਦਿਲਚਸਪੀ ਜਾ ਚੁਕੀ ਸੀ। ਉਹ ਸਾਰਾ ਦਿਨ ਘਰ ਦੀ ਅਤੇ ਬੱਚਿਆਂ ਦੀ ਦੇਖ ਭਾਲ ਵਿਚ ਲੱਗੀ ਰਹੰਦੀ।

MOVIES FOREIGN EXCHANGE CONCERT
SIHOTA DISTRIBUTORS 3483 KINGSWAY, VANCOUVER, B.C., CANADA. V5R 5L5 PHONE: 438-1304 324-2557
MANAGER KARTAR SINGH AHLUWALIA

ਉਸ ਦੇ ਸੁਭਾਅ ਵਿਚ ਚਿੜਚਿੜਾਪਣ ਆ ਗਇਆ ਸੀ। ਇਹ ਸ਼ਾਇਦ ਉਸ ਸਮੇਂ ਦੇ ਫਿਰਕੂ ਵਾਤਾਵਰਣ ਦਾ ਸਿੱਟਾ ਸੀ। ਮਿਲੇਵਾ ਨੂੰ ਬਰਲਨ ਦਾ ਫ਼ਿਰਕੂ ਵਾਤਾਵਰਣ ਉੱਕਾ ਪਸੰਦ ਨਹੀਂ ਸੀ। ਉਹ ਕੇਵਲ ਉਥੇ ਹੀ ਰਹਣਾ ਚਾਹੁੰਦੀ ਸੀ ਜਿੱਥੇ ਲੋਕ ਆਈਨਸਟਾਈਨ ਨੂੰ ਇਕ ਮਨੁੱਖ ਦੇ ਤੌਰ ਤੇ ਵੇਖਣ, ਨਾ ਕਿ ਇਕ ਜਰਮਨ, ਯਹੂਦੀ ਜਾਂ ਜ਼ੇਕ ਦੇ ਤੌਰ ਤੇ। ਜਦ ਆਈਨਸਟਾਈਨ ਨੇ ਉਸ ਨੂੰ ਬਰਲਨ ਜਾਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਖਿਝ ਕੇ ਕਹਿਆ, "ਜੇ ਤੁਸੀਂ ਚਾਹੁੰਦੇ ਹੋ ਤਾਂ ਚਲੇ ਜਾਓ, ਮੈਂ ਇਥੇ ਹੀ ਰਹਾਂਗੀ।"

ਆਈਨਸਟਾਈਨ ਨੇ ਅਤਿਅੰਤ ਦੁੱਖ ਨਾਲ ਇਹ ਗੱਲ ਸੁਣੀ। ਅਖ਼ੀਰ ਉਹ ਇਸ ਸਿੱਟੇ ਤੇ ਪੁੱਜੇ ਕਿ ਆਈਨਸਟਾਈਨ ਹੁਣ ਬਰਲਨ ਚਲਾ ਜਾਵੇ ਤੇ ਮਿਲੇਵਾ ਪਿਛੋਂ ਦੋਹਾਂ ਬੱਚਿਆਂ ਨੂੰ ਨਾਲ ਲੈ ਕੇ ਬਰਲਨ ਆ ਜਾਵੇ। ਬਰਲਨ ਜਾ ਕੇ ਆਈਨਟਸਾਈਨ ਮਿਲੇਵਾ ਨੂੰ ਆਉਣ ਲਈ ਪੱਤਰ ਲਿਖਦਾ ਰਹਿਆ, ਪਰ ਮਿਲੇਵਾ ਬਰਲਨ ਜਾਣਾ ਹਮੇਸ਼ਾ ਟਾਲਦੀ ਰਹੀ। ਉਸ ਦਾ ਮਨ ਸ਼ਾਇਦ ਆਈਨਸਟਾਈਨ ਤੋਂ ਦੂਰ ਹਟ ਚੁਕਾ ਸੀ। ਬਰਲਨ ਆ ਕੇ ਪਹਲੇ ਪਹਲ ਆਈਨਸਟਾਈਨ ਮਿਲੇਵਾ ਤੇ ਬੱਚਿਆਂ ਦੇ ਵਿਛੋੜੇ ਕਾਰਣ ਉਦਾਸ ਰਹੰਦਾ; ਪਰ, ਛੇਤੀ ਹੀ, ਉਸ ਦੀ ਇਕ ਵਿਧਵਾ ਐਲਜ਼ਾ ਨਾਲ ਸ਼ਾਦੀ ਹੋ ਗਈ। ਐਲਜ਼ਾ ਉਸ ਦੀ ਬਚਪਨ ਦੀ ਸ਼ਰਾਰਤੀ ਸਾਥਣ ਸੀ।

ਵਿਸ਼ਿਸ਼ਟ ਆਪੇਖਿਕਤਾ-ਸਿੱਧਾਂਤ (Special Relativity) ਦੇਣ ਦੇ ਪਿਛੋਂ, ਹੁਣ ਤੱਕ, ਆਈਨਸਟਾਈਨ ਗੁਰੂਤ੍ਵ-ਸਿੱਧਾਂਤ (Gravitation) ਤੇ ਖੋਜ ਕਰਦਾ ਰਹਿਆ ਸੀ। 1915 ਵਿਚ ਆਈਨਸਟਾਈਨ ਨੇ ਆਪਣਾ ਵਿਆਪਕ ਆਪੇਖਿਕਤਾ-ਸਿੱਧਾਂਤ ਪੇਸ਼ ਕੀਤਾ। ਯੂਰਪ ਇਸ ਵੇਲੇ ਪਹਲੇ ਵਿਸ਼੍ਵ ਯੁੱਧ ਦੀ ਲਪੇਟ ਵਿਚ ਆਇਆ ਹੋਇਆ ਸੀ। ਇਸ ਲਈ ਵਿਆਪਕ ਆਪੇਖਿਕਤਾ-ਸਿੱਧਾਂਤ ਵਲ ਲੋਕਾਂ ਦਾ ਬਹੁਤਾ ਧਿਆਨ ਨ ਗਇਆ। ਯੂਰਪ ਦੇ ਲਗ ਪਗ ਸਾਰੇ ਵਿਗਿਆਨੀ ਆਪਣੇ ਆਪਣੇ ਦੇਸ਼ ਲਈ ਯੁੱਧ ਵਿਚ ਸ਼ਾਮਿਲ ਸਨ। ਜਰਮਨੀ ਵਿਚ ਸ਼ਾਇਦ ਕੇਵਲ ਆਈਨਸਟਾਈਨ ਹੀ ਸੀ ਜਿਸ ਨੇ ਆਪਣੇ ਦੇਸ ਦੀ ਸਰਕਾਰ ਦਾ ਵਿਰੋਧ ਕੀਤਾ। ਵਿਆਪਕ ਆਪੇਖਿਕਤਾ-ਸਿੱਧਾਂਤ ਇੰਗਲੈਂਡ ਵਿਚ ਰਾਇਲ ਸੁਸਾਇਟੀ ਨੂੰ ਭੇਜ ਦਿੱਤਾ ਗਇਆ। ਇੰਗਲੈਂਡ ਯੁੱਧ ਵਿਚ ਜਰਮਨੀ ਦੇ ਵਿਰੁੱਧ ਲੜ ਰਹਿਆ ਸੀ। ਇਸ ਲਈ ਇੰਗਲੈਂਡ ਵਿਚ ਆਈਨਸਟਾਈਨ ਦਾ ਹਰ ਗੱਲ਼ ਵਿਚ ਵਿਰੋਧ ਹੋ ਰਹਿਆ ਸੀ। ਪਰ ਖੁਸ਼-ਕਿਸਮਤੀ ਨੂੰ ਰਾਇਲ ਸੁਸਾਇਟੀ ਦੇ ਤਾਰਾ-ਵਿਗਿਆਨ ਵਿਭਾਗ ਦਾ ਸਕੱਤਰ ਉਸ ਸਮੇਂ ਸਰ ਆਰਥਰ ਐਡਿੰਗਟਨ ਸੀ। ਐਡਿੰਗਟਨ ਨੇ ਆਈਨਸਟਾਈਨ ਦੇ ਸਿੱਧਾਂਤ ਨੂੰ ਸਕੱਤਰ ਦੀ ਹੈਸੀਅਤ ਵਿਚ ਝੱਟ ਪੱਟ ਲੈ ਲਇਆ ਤੇ ਇਸ ਦਾ ਡੂੰਘਾ ਅਧਿਐਨ ਕੀਤਾ। ਉਸ ਸਮੇਂ ਇੰਗਲੈਂਡ ਵਿਚ ਸ਼ਾਇਦ ਐਡਿੰਗਟਨ ਹੀ ਅਜੇਹਾ ਵਿਗਿਆਨੀ ਸੀ ਜੋ ਇਸ ਸਿੱਧਾਤ ਦੀਆਂ ਡੂੰਘਾਣਾਂ ਨੂੰ ਸਮਝ ਸਕਦਾ ਸੀ। ਇਕ ਵਾਰ ਉਸ ਦੇ ਇਕ ਦੋਸਤ ਨੇ ਉਸ ਨੂੰ ਕਹਿਆ, "ਦੁਨੀਆ ਵਿਚ ਇਸ ਵੇਲੇ ਆਪੇਖਿਕਤਾ-ਸਿੱਧਾਂਤ ਨੂੰ ਠੀਕ ਠੀਕ ਸਮਝਣ ਵਾਲੇ ਕੇਵਲ ਤਿੰਨ ਹੀ ਮਨੁੱਖ ਹਨ।" ਐਡਿੰਗਟਨ ਨੂੰ ਇਹ ਸੁਣ ਕੇ ਕੁਝ ਪਰੇਸ਼ਾਨੀ ਜੇਹੀ ਹੋਈ, ਤਾਂ ਉਸ ਦੇ ਦੋਸਤ ਨੇ ਕਹਿਆ, "ਵੈਸੇ ਤੁਸੀਂ ਵੀ ਉਨ੍ਹਾਂ ਵਿਚੋਂ ਇਕ ਹੋ।"

"ਨਹੀਂ ਨਹੀਂ, ਮੈਂ ਤਾਂ ਇਹ ਸੋਚ ਰਹਿਆ ਸੀ ਕਿ ਤੀਸਰਾ ਕੌਣ ਹੋ ਸਕਦਾ ਹੈ?" ਐਡਿੰਗਟਨ ਨੇ ਝੱਟ ਪੱਟ ਉੱਤਰ ਦਿੱਤਾ।

ਐਡਿੰਗਟਨ ਨੇ ਆਪੇਖਿਕਤਾ-ਸਿੱਧਾਂਤ ਨੂੰ ਹਰਮਨ ਪਿਆਰਾ ਬਣਾਣ ਲਈ ਸੌਖੀਆ ਤੇ ਅਤਿਅੰਤ ਉੱਤਮ ਪੁਸਤਕਾਂ ਲਿਖੀਆਂ। ਇਸ ਪਿਛੋਂ ਵਿਆਪਕ-ਆਪੇਖਿਕਤਾ ਸਿੱਧਾਂਤ ਦੀ ਚਰਚਾ ਥਾਂ ਥਾਂ ਹੋਣ ਲਗ ਪਈ। ਆਈਨਸਟਾਈਨ ਦੀ ਪ੍ਰਸਿੱਧੀ ਦੇਸ਼ਾਂ ਦੇ ਹੱਦ ਬੰਨੇ ਟੱਪ ਗਈ। ਹੁਣ ਆਈਨਸਟਾਈਨ ਨੇ ਪੂਰਬ ਤੇ ਪੱਛਮ ਦੇ ਦੇਸ਼ਾਂ ਦੀ ਸੈਰ ਕੀਤੀ। ਹਰ ਦੇਸ਼ ਵਿਚ ਆਈਨਸਟਾਈਨ ਦਾ ਨਿੱਘਾ ਸੁਆਗਤ ਕੀਤਾ ਗਇਆ। 1921 ਵਿਚ ਅਲਬਰਟ ਨੂੰ 'ਨੋਬਲ ਪੁਰਸਕਾਰ' ਮਿਲਿਆ। ਪਰ ਇਹ ਆਪੇਖਿਕਤਾ-ਸਿੱਧਾਂਤ ਲਈ ਨਹੀਂ ਸੀ, ਕਿਸੇ ਹੋਰ ਖੋਜ ਲਈ ਸੀ। ਆਈਨਸਟਾਈਨ ਨੇ ਐਲਜ਼ਾ ਦੀ ਸਲਾਹ ਨਾਲ ਇਨਾਮ ਦਾ ਅੱਧਾ ਪੈਸਾ ਦਾਨ ਵਿਚ ਦੇ ਦਿੱਤਾ ਤੇ ਅੱਧਾ ਮਿਲੇਵਾ ਨੂੰ ਭੇਜ ਦਿੱਤਾ।

ਆਈਨਸਟਾਈਨ ਹੁਣ ਬਰਲਨ ਵਿਚ ਸਦਾ ਲਈ ਟਿਕ ਚੁਕਾ ਸੀ, ਪਰ ਇਸ ਸਮੇਂ ਜਰਮਨੀ ਵਿਚ ਹਿਟਲਰ ਦੀ ਨਾਜ਼ੀ ਪਾਰਟੀ ਜ਼ੋਰ ਫੜਦੀ ਜਾ ਰਹੀ ਸੀ। ਹਿਟਲਰ ਨੂੰ ਯਹੂਦੀਆਂ ਨਾਲ ਅੰਨ੍ਹੀ ਨਫ਼ਰਤ ਸੀ। ਜਦ ਹਿਟਲਰ ਦੇ ਹੱਥ ਵਿਚ ਤਾਕਤ ਆਈ ਤਾਂ ਆਈਨਸਟਾਈਨ ਨੂੰ ਜਰਮਨੀ ਛੱਡਣਾ ਪਇਆ। ਉਸ ਨੇ ਬਾਕੀ ਦੀ ਜ਼ਿੰਦਗੀ ਅਮਰੀਕਾ ਦਾ ਸ਼ਹਰੀ ਬਣ ਕੇ ਬਿਤਾਉਣ ਦਾ ਫ਼ੈਸਲਾ ਕੀਤਾ। ਪ੍ਰਿੰਸੀਟਨ ਯੂਨੀਵਰਸਿਟੀ ਵਿਚ ਉਸ ਨੂੰ ਉਚੇਰੀ ਵਿਦਿਆ ਅਈ ਪ੍ਰੋਫੈਸਰ ਨਿਯਤ ਕਰ ਦਿੱਤਾ ਗਇਆ। ਇਸ ਸਮੇਂ ਯੂਰਪ ਦੇ ਦੇਸ਼ਾਂ ਵਿਚ ਅੰਦਰੋ ਅੰਦਰੀ ਦੂਜੇ ਯੁੱਧ ਦੀ ਤਿਆਰੀ ਹੋ ਰਹੀ ਸੀ। ਜਰਮਨੀ ਵਿਚ ਵਿਗਿਆਨੀ ਪਰਮਾਣੂ ਨੂੰ ਤੋੜ ਕੇ ਉਸ ਵਿਚੋਂ ਅਥਾਹ ਸ਼ਕਤੀ ਪੈਦਾ ਕਰਨ ਦੀ ਕੋਸ਼ਿਸ਼ ਵਿਚ ਸਨ। ਉਨ੍ਹਾ ਨੇ ਇਸ ਸਮੇਂ "ਨੁਕਲੀਅਰ ਫਿਸ਼ਨ" ਅਰਥਾਤ ਪਰਮਾਣੂ ਨੂੰ ਤੋੜਨ ਦੀ ਖੋਜ ਕਰ ਲਈ ਹੋਈ ਸੀ, ਜਿਸ ਉਤੇ ਪਰਮਾਣੂ ਬੰਬ ਦੀ ਕਾਢ ਆਧਾਰਿਤ ਸੀ।

ਦੂਜਾ ਵਿਸ਼੍ਵ ਯੁੱਧ ਸ਼ੁਰੂ ਹੋ ਚੁਕਾ ਸੀ। ਸਭ ਨੂੰ ਡਰ ਸੀ ਕਿ ਜੇ ਜਰਮਨੀ ਵਿਚ ਪਰਮਾਣੂ ਬੰਬ ਬਣ ਗਇਆ ਤਾਂ ਉਸ ਨੂੰ ਹਰਾਉਣਾ ਅਸੰਭਵ ਹੋ ਜਾਵੇਗਾ। ਅਮਰੀਕਾ ਵਿਚ ਰਹੰਦੇ ਕੁੱਝ ਜ਼ਵਾਨ ਵਿਗਿਆਨੀਆਂ ਨੇ ਆਈਨਸਟਾਈਨ ਨੂੰ ਬੇਨਤੀ ਕੀਤੀ ਕਿ ਉਹ ਅਮਰੀਕਾ ਦੇ ਪ੍ਰਧਾਨ ਨੂੰ ਦੇਸ਼ ਵਿਚ ਪਰਮਾਣੂ ਬੰਬ ਬਣਾਉਣ ਲਈ ਚਿੱਠੀ ਲਿਖੇ। ਪਹਲਾਂ ਆਈਨਸਟਾਈਨ ਨੂੰ ਬੰਬ ਦੇ ਨਾਂ ਤੋਂ ਅਤਿਅੰਤ ਘ੍ਰਿਣਾ ਹੋਈ, ਪਰ ਜਰਮਨੀ ਤੋਂ ਖ਼ਤਰਾ ਹੋਣ ਕਾਰਣ ਉਸ ਨੇ ਪ੍ਰਧਾਨ ਨੂੰ ਬੰਬ ਬਣਾਉਣ ਲਈ ਆਗਿਆ ਅਤੇ ਸਹਾਇਤਾ ਵਾਸਤੇ ਪੱਤਰ ਲਿਖ ਦਿੱਤਾ। ਅੰਤ ਜਵਾਨ ਵਿਗਿਆਨੀਆਂ ਨੇ ਫਰਮੀ (Fermi) ਦੀ ਅਗਵਾਈ ਹੇਠ ਪਰਮਾਣੂ ਬੰਬ ਤਿਆਰ ਕਰ ਲਇਆ। ਆਈਨਸਟਾਈਨ ਉਸੇ ਦਿਨ ਤੋਂ ਹੀ ਦੁਨੀਆ ਦੇ ਭਵਿਸ਼ ਬਾਰੇ ਫ਼ਿਕਰਮੰਦ ਰਹਣ ਲੱਗਾ। 1945 ਵਿਚ ਹੀਰੋਸ਼ੀਮਾ ਤੇ ਐਟਮ ਬੰਬ ਸੁੱਟੇ ਜਾਣ ਦੀ ਖ਼ਬਰ ਨੂੰ ਉਹ ਸਹਾਰ ਨ ਸਕਿਆ ਤੇ ਬੀਮਾਰ ਪੈ ਗਇਆ। ਉਸ ਨੂੰ ਆਪਣੀ ਪ੍ਰਧਾਨ ਵਲ ਲਿਖੀ ਚਿੱਠੀ ਦਾ ਸਦਾ ਪਛਤਾਵਾ ਰਹਿਆ। ਇਸ ਪਿਛੋਂ ਭਾਵੇਂ ਉਹ ਵਿਗਿਆਨਿਕ ਖੋਜਾਂ ਵਿਚ ਜੁਟਿਆ ਰਹੰਦਾ, ਤਾਂ ਵੀ ਉਸ ਦਾ ਧਿਆਨ ਮਨੁੱਖਤਾ ਨੂੰ ਪਰਮਾਣੂ ਸ਼ਕਤੀ ਦੇ ਮਾਰੂ ਅਸਰਾਂ ਤੋਂ ਬਚਾਉਣ ਵਲ ਲੱਗਾ ਰਹੰਦਾ।

IMPORTERS EXPORTERS WHOLESALERS RETAILERS

**ROKKO SAREES & FABRICS** 6201 FRASER ST. (at 46th Ave.) VANCOUVER - 15, B.C., CANADA. PHONE: 327-3033

OWNED AND OPERATED BY B. S. KHURANA AND SONS AND GRANDSONS

**ਉਸ ਨੇ** ਦੁਨੀਆ ਦੇ ਵਿਗਿਆਨੀਆਂ ਅਤੇ ਰਾਜਨੀਤਿਕ ਨੇਤਾਵਾਂ ਨੂੰ ਅਪੀਲਾਂ ਕੀਤੀਆਂ । ਪਰਮਾਣੂ ਬੰਬ ਦੇ ਭਿਆਨਕ ਸਿੱਟੇ ਲੋਕਾਂ ਨੂੰ ਸਮਝਾਏ ਤੇ ਪਰਮਾਣੂ ਬੰਬਾਂ ਦੀ ਉਪਜ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ।

ਆਈਨਸਟਾਈਨ ਜਿੰਨਾ ਮਹਾਨ ਵਿਗਿਆਨੀ ਸੀ ਸ਼ਾਇਦ ਉਸ ਤੋਂ ਵੀ ਮਹਾਨ ਮਨੁੱਖ ਸੀ । ਮਨੁੱਖਤਾ ਦਾ ਦਰਦ ਉਸ ਦੇ ਲੂੰ ਲੂੰ ਵਿਚ ਰਚਿਆ ਹੋਇਆ ਸੀ । ਉਹ ਅੰਨ੍ਹੀ ਦੇਸ਼ ਭਗਤੀ ਦੇ ਵਿਰੁੱਧ ਸੀ, ਪਰ ਜਦ ਉਸ ਦੀ ਕੌਮ, ਯਹੂਦੀਆਂ, ਨਾਲ ਅਨਿਆ ਤੇ ਜ਼ੁਲਮ ਹੋਏ, ਤਾਂ ਉਸ ਨੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ । ਯਹੂਦੀ ਸਰਨਾਰਥੀਆਂ ਲਈ ਉਹ ਘਟੀਆ ਸਟੇਜਾਂ ਤੇ ਜਾ ਕੇ ਵਾਇਲਨ ਵਜਾਉਂਦਾ ਤੇ ਹਜ਼ਾਰਾ ਰੁਪਏ ਇਕੱਠੇ ਕਰਕੇ ਉਨ੍ਹਾਂ ਨੂੰ ਦੇ ਦੇਂਦਾ । ਆਪਣੇ ਉੱਚੇ ਨਾਂ ਦੀ ਉਸ ਨੂੰ ਰਤੀ ਪਰਵਾਹ ਨਹੀਂ ਸੀ ।

ਆਈਨਸਟਾਈਨ ਬੇਸ਼ਕ ਦੁਨੀਆ ਦਾ ਮਹਾਨ ਪੁਰਸ਼ ਸੀ, ਤਾਂ ਵੀ ਉਸ ਨੂੰ ਸਾਰੀ ਉਮਰ ਆਪਣੀ ਮਹਾਨਤਾ ਦਾ ਇਹਸਾਸ ਨ ਹੋ ਸਕਿਆ । ਜਦੋਂ ਉਸ ਨੂੰ ਇਸਰਾਈਲੀ ਰਾਜ ਦੀ ਪ੍ਰਧਾਨਗੀ ਪੇਸ਼ ਕੀਤੀ ਗਈ ਤਾਂ ਆਈਨਸਟਾਈਨ ਨੇ ਕਹਿਆ, "ਮੈਂ ਇਸ ਉੱਚੇ ਪਦ ਦੇ ਯੋਗ ਨਹੀਂ ।" ਇਕ ਵਾਰ ਉਹ ਪੈਰਿਸ ਵਿਚ ਆਪਣੇ ਇਕ ਦੋਸਤ ਨਾਲ ਇਮਾਈਲਜ਼ੋਲਾ ਤੇ ਬਣੀ ਇਕ ਫ਼ਿਲਮ ਵੇਖਣ ਗਇਆ । ਜਦ ਆਈਨਸਟਾਈਨ ਤੇ ਉਸ ਦਾ ਦੋਸਤ ਹਾਲ ਅੰਦਰ ਦਾਖ਼ਿਲ ਹੋਏ ਤਾਂ ਸਾਰੇ ਲੋਕ ਪਿਛਾਹ ਵੇਖਣ ਲੱਗ ਪਏ । ਆਈਨਸਟਾਈਨ ਨੇ ਹੈਰਾਨੀ ਨਾਲ ਆਪਣੇ ਦੋਸਤ ਕੋਲੋਂ ਪੁੱਛਿਆ, "ਲੋਕ ਪਿਛੇ ਕਿਉਂ ਵੇਖਣ ਲੱਗ ਪਏ ਹਨ ?

"ਕਿਉਂਕਿ ਤੁਸੀਂ ਹਾਲ ਵਿਚ ਪ੍ਰਵੇਸ ਕੀਤਾ ਹੈ ।"

ਇਕ ਵਾਰ ਆਈਨਸਟਾਈਨ ਨੇ ਨਿਊਯਾਰਕ ਜਾਣਾ ਸੀ । ਕਿਉਂਜੋ ਜਰਮਨੀ ਨਾਲ ਵਿਰੋਧ ਅਤੇ ਯਹੂਦੀ ਹੋਣ ਕਾਰਣ ਉਸ ਦੀ ਜਾਨ ਹਰ ਵੇਲੇ ਖ਼ਤਰੇ ਵਿਚ ਰਹਿੰਦੀ ਸੀ, ਇਸ ਲਈ ਉਸ ਦੀ ਸਕੱਤਰ ਨੇ ਇਕ ਨੌਕਰ ਨੂੰ ਉਸ ਨਾਲ ਭੇਜਣ ਦਾ ਫ਼ੈਸਲਾ ਕੀਤਾ, ਪਰ ਆਈਨਸਟਾਈਨ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਉਸ ਦੀ ਰਾਖੀ ਲਈ ਕੋਈ ਹੋਰ ਉਸ ਨਾਲ ਜਾਵੇ । ਇਸ ਲਈ ਉਹ ਜ਼ਿੱਦ ਕਰ ਕੇ ਇਕੱਲਾ ਹੀ ਸਟੇਸ਼ਨ ਤੇ ਚਲਾ ਗਇਆ । ਪਰ ਉਸ ਦੀ ਸਕੱਤਰ ਨੂੰ ਸਾਂਤੀ ਨ ਆਈ ਤੇ ਉਸ ਨੇ ਹੋਰ ਰਾਸਤੇ ਨੌਕਰ ਨੂੰ ਸਿਖਾ ਕੇ ਸਟੇਸ਼ਨ ਤੇ ਭੇਜ ਦਿੱਤਾ । ਜਦ ਆਈਨਸਟਾਈਨ ਨੌਕਰ ਨੂੰ ਮਿਲਿਆ ਤਾਂ ਪੁਛਣ ਲੱਗਾ :

"ਤੁਸੀਂ ਅੱਜ ਕਿੱਥੇ ਜਾ ਰਹੇ ਹੋ ?"

"ਨਿਊਯਾਰਕ ਨੂੰ ।"

"ਮੈਂ ਵੀ ਨਿਊਯਾਰਕ ਜਾ ਰਹਿਆ ਹਾਂ, ਚਲੋ ਇਕੱਠੇ ਹੀ ਚੱਲਾਂਗੇ । ਮੇਰੀ ਸਕੱਤਰ ਕਹਿੰਦੀ ਸੀ, ਮੈਂ ਇਕੱਲਾ ਹੀ ਜਾ ਰਹਿਆ ਹਾਂ, ਕਿੰਨੀ ਬੁੱਧੂ ਹੈ ਉਹ ।" ਭੋਲੇ ਆਈਨਸਟਾਈਨ ਨੇ ਕਹਿਆ ।

"ਹਾਂ ਜੀ ਬਹੁਤ ਬੁੱਧੂ", ਨੌਕਰ ਨੇ ਉੱਤਰ ਦਿੱਤਾ ।

"ਆਈਨਸਟਾਈਨ ਨੂੰ ਬੱਚਿਆਂ ਤੇ ਜਵਾਨਾਂ ਨਾਲ ਪਿਆਰ ਸੀ । ਅਨਪੜ੍ਹ ਲੋਕ ਉਸ ਨੂੰ ਅਤਿਅੰਤ ਚੰਗੇ ਲਗਦੇ । ਉਹ ਭੋਲੇ ਅਨਪੜ੍ਹ ਲੋਕਾਂ ਨੂੰ ਆਪੇਖਿਕਤਾ–ਸਿੱਧਾਂਤ ਸਮਝਾਉਂਦਾ ਕਦੀ ਨ ਅਕਦਾ । ਉਸ ਦੇ ਗਵਾਂਢ ਰਹਿੰਦੀ ਇਕ ਛੇਵੀਂ ਜਮਾਤ ਦੀ ਕੁੜੀ ਅਕਸਰ ਉਸ ਤੋਂ ਸਵਾਲ ਸਮਝਣ ਆਈ । ਮਾਸੂਮ ਬੱਚੀ ਕੀ ਜਾਣਦੀ ਸੀ ਕਿ ਆਈਨਸਟਾਈਨ ਦਾ ਸਮਾ ਕਿੰਨਾ ਕੀਮਤੀ ਹੈ । ਜਦ ਕਦੀ ਆਈਨਸਟਾਈਨ ਨੂੰ ਵਿਗਿਆਨੀਆਂ ਦੇ ਕਿਸੇ ਸਮਾਰੋਹ ਵਿਚ ਲੈਕਚਰ ਦੇਣ ਲਈ ਜਾਣਾ ਪੈਂਦਾ ਤਾਂ ਉਸ ਦੀ ਪਤਨੀ ਨਵੇਂ ਕਪੜੇ ਪ੍ਰੈਸ ਕਰਕੇ ਸੂਟਕੇਸ ਵਿਚ ਬੰਦ ਕਰ ਦੇਂਦੀ ਤੇ ਉਸ ਨੂੰ ਲੈਕਚਰ ਵੇਲੇ ਪਹਨਣ ਲਈ ਕਹਿੰਦੀ, ਪਰ ਹਰ ਵਾਰ ਇਹ ਕਪੜੇ ਉਂਜ ਦੇ ਉਂਜ ਹੀ ਵਾਪਸ ਆ ਜਾਂਦੇ । ਆਈਨਸਟਾਈਨ ਨੂੰ ਕਪੜੇ ਬਦਲਣ ਦਾ ਖਿਆਲ ਹੀ ਨ ਰਹਿੰਦਾ ।

ਆਈਨਸਟਾਈਨ ਜੇ ਆਪੇਖਿਕਤਾ-ਸਿੱਧਾਂਤ ਜਗਤ ਨੂੰ ਨ ਦੇਂਦਾ, ਤਾਂ ਵੀ ਉਹ ਚੋਟੀ ਦਾ ਵਿਗਿਆਨੀ ਸੀ, ਅਤੇ ਜੇ ਉਹ ਵਿਗਿਆਨ ਦਾ ਕੋਈ ਵੀ ਸਿੱਧਾਂਤ ਨ ਦੇ ਦਾ ਤਾਂ ਵੀ ਉਹ ਦੁਨੀਆ ਦਾ ਮਹਾਨ ਮਨੁੱਖ ਹੁੰਦਾ । ਉਸ ਨੇ ਆਪਣੀ ਸਾਰੀ ਉਮਰ ਮਨੁੱਖਤਾ ਦੀ ਭਲਾਈ, ਸੁੰਦਰਤਾ ਤੇ ਸੱਚ ਦੀ ਖੋਜ ਵਿਚ ਲਾ ਦਿੱਤੀ । ਆਈਨਸਟਾਈਨ ਤੋਂ ਇਕ ਨਵੇਂ ਯੁਗ ਦਾ ਆਰੰਭ ਹੁੰਦਾ ਹੈ ।

ਵਿਸ਼ਵ ਦੇ ਸਭ ਤੋਂ ਦਇਆਲ ਮਨੁੱਖ, ਸੁੰਦਰਤਾ ਅਤੇ ਸੱਚ ਦੇ ਆਸ਼ਿਕ, ਸੰਗੀਤ ਦੇ ਰਸਿਕ ਅਲਬਰਟ ਆਈਨਸਟਾਈਨ ਨੇ ਅਪ੍ਰੈਲ, 1955 ਵਿਚ ਇਸ ਧਰਤੀ ਨੂੰ ਸਦਾ ਲਈ ਤਿਆਗ ਦਿੱਤਾ, ਪਰ ਮਰਨ ਪਿਛੋਂ ਵੀ ਆਪਣੇ ਮਸਤਕ ਨੂੰ ਉਹ ਵਿਗਿਆਨਿਕ ਖੋਜ ਲਈ ਛੱਡ ਗਇਆ । ●

THE WATNO DUR IN TORONTO
AVAILABLE AT
ROKO SAREES AND FABRICS,
635 BLOOR ST.WEST,TORONTO.
PHONE:533-1106

SEE YAUWAN ON 7thAPRIL IN
OLYMPIA THEATRE.
PHONE: S&S PICTURES.
874-2249
255-2920

IMPORTERS EXPORTERS WHOLESALERS RETAILERS

ROKKO SAREES & FABRICS

7-5,4-CHOME,ISOBE DORI, FUKIAI - KU,KOBE,JAPAN. PHONE: 251-6440

OWNED AND OPERATED BY B. S. KHURANA AND SONS AND GRANDSONS

# S. SURJAN SINGH GILL

OFFERS HIS SERVICES

through

## International Travel Service

1113-6th Ave., New Westminster, B.C., Canada. Tel: 524-5244 or 879-9040
Mailing Address: Box# 77057, Station S., Vancouver 16, B. C., Canada.
#4-2414 MAIN STREET, VANCOUVER, B.C. (RES. 879-9603)

ENGLAND? FRANCE? HOLLAND? SINGAPORE? MALAYA?
JAPAN? AUSTRALIA? MOSCOW? CHINA? NEW ZEALAND?
FIJI?

IN FACT ANYWHERE IN THE WORLD

**COME**

**AND MAKE USE OF OUR SERVICES**



ਸੁਰਜਨ ਸਿੰਘ ਗਿੱਲ

ਫ਼ੋਨ: 524-5244, 879-9040, 879-9603

---

## ਜੌਹਨਸਟਨ'ਜ਼ ਡਰਾਈਵਿੰਗ ਸਕੂਲ ਲਿਮਟਿਡ

## Johnston's DRIVING SCHOOL Ltd.

8181- MAIN STREET
VANCOUVER.

FOR ADULTS:

**$ 13 per hour or 6 lessons for $75**

FOR STUDENTS:

**$ 10 per hour or 6 lessons for $ 55**

COURTEOUS PROFESSIONAL
INSTRUCTIONS
FREE PICK UP

TEL. 324-7025

---



ਗੁਰਦਾਸ ਸਿੰਘ
ਮਿਨਹਾਸ

**MELTON**
REAL ESTATE (B.C.) LTD.

**GURDAS S. MINHAS**

1435 KINGSWAY — OFF. 879-7571
VANCOUVER 12, B. C. — RES. 325-0372

*B.C.'s First Computerized*
*Real Estate Service*

ਹਰ ਪ੍ਰਕਾਰ ਦੀ ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ ਤੁਹਾਨੂੰ ਚੰਗੀ ਰਾਇ
ਤੇ ਲਾਭਦਾਇਕ ਸੇਵਾਵਾਂ ਪੇਸ਼ ਕਰਦੇ ਹਾਂ

ਟੈਲੀਫ਼ੋਨ:
ਦਫ਼ਤਰ: 879-7571
ਘਰ: 325-0372

ਸੰਜੀਵਨੀ ਬੂਟੀ

# ਪੈਗੰਬਰ

ਪਾਂਧੀ ਨਨਕਾਣਵੀ

...ਗਡੀ ਅਜੇ ਸਟੇਸ਼ਨ ਤੇ ਰੁਕੀ ਹੀ ਸੀ, ਕਿ ਹਜੂਮ ਨੇ ਇਕਦਮ ਸਾਡੇ ਕੇਬਿਨ ਨੂੰ ਘੇਰੇ ਵਿਚ ਲੈ ਲਿਆ। ਮੈਨੂੰ ਤੇ ਮੇਰੇ ਸਥੀ 'ਅਮਰ' ਨੂੰ ਹਾਰਾਂ ਨਾਲ ਲਦ ਦਿਤਾ ਗਿਆ। ਆਖਰ ਸ਼ਾਇਰ ਜੋ ਸਾਂ, ਤੇ ਸ਼ਾਇਰ ਕੋਈ ਪੈਗੰਬਰ ਤੋਂ ਘਟ ਥੋੜ੍ਹਾ ਹੁੰਦਾ ਏ ? ਖ਼ੈਰ, ਜਿਵੇਂ ਕਿਵੇਂ ਅਸੀਂ ਭੀੜ ਨੂੰ ਮੁਸਕਾਣਾਂ ਵੰਡਦੇ, ਹਥ ਜੋੜਦੇ ਜੀਪ ਵਿਚ ਆ ਬੈਠੇ; ਇਕ ਸਜਾਈ ਹੋਈ ਜੀਪ ਤੇ। ਇੰਜ ਸਾਡੀ ਜੀਪ ਹੌਲੇ ਹੌਲੇ ਮਹਾਂਪੁਰਸ਼ਾਂ ਦਾ ਡੇਰੇ ਵਲ ਰਵਾਨਾ ਹੋਈ। ਸੜਕ ਦੇ ਦੋਹੀਂ ਪਾਸੀਂ ਲੋਕ ਸਾਡੇ ਸੁਆਗਤ ਲਈ ਖਲੋਤੇ ਹੋਏ ਸਨ। ਸਾਰਾ ਰਾਹ ਸਾਡੇ ਤੇ ਫੁਲਾਂ ਦੀ ਬਰਖਾ ਹੁੰਦੀ ਰਹੀ। ਕਿਤੇ ਕਿਤੇ ਕੋਈ ਕੈਮਰਾ ਵੀ ਸਾਨੂੰ ਆਪਣੇ ਦਿਲ ਵਿਚ ਨਿਘੀ ਜਿਹੀ ਥਾਂ ਦੇ ਰਿਹਾ ਦਿਸ ਰਿਹਾ ਸੀ।

—ਸਮਾਗਮ ਅਸਥਾਨ ਤੇ ਪੁਜੇ ਈ ਸਾਂ, ਕਿ ਮਹਾਂਪੁਰਸ਼ਾਂ ਨੇ ਅਗੇ ਵਧ ਕੇ ਫੁਲਾਂ ਦੇ ਹਾਰਾਂ ਨਾਲ ਸਾਡਾ ਸੁਆਗਤ ਕੀਤਾ। ਏਨਾ ਭਾਰੀ ਸੁਆਗਤ ਹੁੰਦਾ ਵੇਖ ਅਸੀਂ ਹੈਰਾਨ ਵੀ ਹੋ ਰਹੇ ਸਾਂ, ਤੇ ਵਿਚੋਂ ਵਿਚੋਂ ਖੁਸ਼ ਵੀ।...ਜਲ-ਪਾਣ ਪਿਛੋਂ ਅਸਾਂ ਦੀਵਾਨ ਦੀ ਹਾਜ਼ਰੀ ਭਰੀ। ਅਸਾਂ ਵੇਖਿਆ, ਕਿ ਲੋਕ ਬੜੇ ਨਿਉਂ ਨਿਉਂ ਕੇ ਮਹਾਂਪੁਰਸ਼ਾਂ ਨੂੰ ਮਥਾ ਟੇਕ ਰਹੇ ਸਨ, ਤੇ ਸੰਗਤਾਂ ਦੀ ਅਥਾਹ ਸ਼ਰਧਾ ਵੇਖ ਕੇ ਸਾਡੇ ਦਿਲ ਵੀ ਢੂਣੇ ਚੌਣੇ ਹੋ ਰਹੇ ਸਨ। ਸਾਨੂੰ ਕਵੀ ਦਰਬਾਰ ਅਰੰਭ ਕਰਨ ਦਾ ਹੁਕਮ ਹੋਇਆ। ਅਸਾਂ ਵਾਰੋ ਵਾਰੀ ਮਹਾਂ-ਪੁਰਸ਼ਾਂ ਦੀ ਕਮਾਈ ਤੇ ਸਿਖੀ ਸੇਵਕੀ ਬਾਰੇ ਬੜੀ ਮਿਹਨਤ ਨਾਲ ਲਿਖੀਆਂ ਹੋਈਆਂ ਕਵਿਤਾਵਾਂ ਪੜੀਆਂ। ਕਵਿਤਾ ਵਿਚ ਜਿਥੇ ਕਿਤੇ ਮਹਾਂਪੁਰਸ਼ਾਂ ਦਾ ਜ਼ਿਕਰ ਆਏ, ਅਸਾਂ ਵੇਖਿਆ ਲੋਕ ਝੂੰਮ ਝੂੰਮ ਉਠਣ, ਤੇ ਬਸ ਫਿਰ ਨੋਟਾਂ ਦੇ ਨੋਟ...। ਤੇ ਨੋਟਾਂ ਨੂੰ ਇੰਜ ਹਨੇਰੀ ਵਾਂਗ ਆਉਂਦਿਆਂ ਵੇਖ ਕੇ ਮੈਂ ਆਪਣੀਆਂ ਦੂਜੀਆਂ ਕਵਿਤਾਵਾਂ ਮੁੜ ਪੜਚੋਲਣੀਆਂ ਸ਼ੁਰੂ ਕਰ ਦਿਤੀਆਂ। ਜਿਥੇ ਕਿਤੇ ਮਹਾਂ-ਪੁਰਸ਼ਾਂ ਦਾ ਨਾਂ ਨਹੀਂ ਸੀ ਵੀ ਆਉਂਦਾ, ਮੈਂ ਉਥੇ ਜਾਣ ਬੁਝ ਕੇ ਮਹਾਂਪੁਰਸ਼ਾਂ ਦਾ ਨਾਂ ਅੜਾਉਣ ਦੀ ਕੋਸ਼ਿਸ਼ ਕਰਦਾ। ਤੇ ਇੰਜ ਮੈਨੂੰ ਵੀ ਖੂਬ ਨੋਟਾਂ ਦੀ ਦਾਦ ਮਿਲੀ।

—ਤੇ ਇੰਜ ਰਾਤ ਦਾ ਪਹਿਲਾ ਸਮਾਗਮ ਬੜੀ ਕਾਮਯਾਬੀ ਨਾਲ ਸਮਾਪਤ ਹੋਇਆ। ਮਹਾਂ-ਪੁਰਸ਼ਾਂ ਨੇ ਸਾਡੀ ਰਜ ਕੇ ਸਿਫਤ ਸਲਾਹੁਤਾ ਕੀਤੀ। ਤੇ ਸਾਡੀ ਪੈਗੰਬਰ ਦੇ ਮੁਰਾਤਬੇ ਨਾਲ ਤੁਲਨਾ ਦਿਤੀ। ਪਰ ਸਾਨੂੰ ਆਪਣੀ ਅੰਦਰਲੀ ਖੁਸ਼ੀ ਲੁਕਾਉਣੀ ਔਖੀ ਔਖੀ ਜਾਪ ਰਹੀ ਸੀ।...

"ਲਉ ਜੀ, ਮਹਾਂ-ਪੁਰਸ਼ੋ, ਇਹ ਹੈ ਤੁਹਾਡਾ ਨਿਵਾਸ-ਅਸਥਾਨ।"

—ਸੇਵਾਦਾਰ ਨੇ ਸਾਨੂੰ ਇਕ ਕੋਠੜੀ ਵਿਚ ਲਿਜਾ ਕੇ ਆਖਿਆ। ਨਿਵਾਰੀ ਪਲੰਘਾਂ ਤੇ ਬਿਸਤਰੇ ਵਿਛੇ ਹੋਏ ਸਨ। ਸੇਵਾਦਾਰ ਦੇ ਬਾਹਰ ਨਿਕਲਣ ਦੀ ਦੇਰ ਸੀ, ਕਿ ਅਸਾਂ ਝਟਪਟ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ, ਤੇ ਲਗੇ ਨੋਟਾਂ ਦੀ ਗਿਣਤੀ ਕਰਨ। ਮੈਨੂੰ ਚਾਰ ਸੌ ਵੀਹ ਰੁਪਏ ਇਨਾਮ ਵਜੋਂ ਆਏ ਸਨ, ਤੇ ਸਾਢੇ ਤਿੰਨ ਸੌ ਮੇਰੇ ਸਾਥੀ ਸ਼ਾਇਰ ਦੇ ਬਣੇ ਸਨ। ਸਾਡੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਅਸੀਂ ਸਫਰ ਦੇ ਥਕੇ ਹੋਏ ਵੀ ਸਾਂ, ਤੇ ਥਕਾਵਟ ਦੂਰ ਕਰਨ ਲਈ ਮੈਂ ਆਪਣੇ ਬੈਗ 'ਚੋਂ 'ਬਲੈਕ ਐਂਡ ਵਾਈਟ' ਤੇ ਦੋ ਪੈਗ ਕਢ ਕੇ ਮੇਜ਼ ਤੇ ਟਿਕਾ ਦਿਤੇ। ਤੇ ਲਗ ਪੈਗ ਤੇ ਪੈਗ ਚੜ੍ਹਾਣ। ਅਸੀਂ ਅਜੇ ਪੀ ਹੀ ਰਹੇ ਸਾਂ, ਕਿ ਸਾਡੇ ਕਮਰੇ ਦਾ ਬੂਹਾ ਖੜਕਿਆ। ਬੂਹਾ ਕਾਹਦਾ ਖੜਕਿਆ, ਮਾਨੋ ਸਾਡਾ ਦਿਲ ਧੜਕ ਪਿਆ। ਅਸਾਂ ਸੁਣਿਆਂ, ਕਿ ਇਕ ਬੜੀ ਹੀ ਪਿਆਰੀ ਤੇ ਸ਼ਰਧਾ-ਭਰਪੂਰ ਆਵਾਜ਼ ਆ ਰਹੀ ਸੀ...

"ਮਾਹਰਾਜ ਜੀ...ਦਰ ਖੋਹਲੋ...

ਪ੍ਰਸ਼ਾਦਾ ਪਾਣੀ ਛਕੋ...ਮਾਹਰਾਜ ਜੀ...

—ਤੇ ਸਾਨੂੰ ਆਪਣੀ ਗਲਤੀ ਦਾ ਅਹਿਸਾਸ ਹੋਣ ਲਗਾ, ਕਿ ਅਸੀਂ ਤਾਂ ਇਨਾਮਾਂ ਦੀ ਖੁਸ਼ੀ ਵਿਚ ਰਾਤ ਦੀ ਰੋਟੀ ਖਾਣੀ ਵੀ ਭੁਲ ਗਏ ਸਾਂ। ਤੇ ਜੇ ਪਹਿਲੋਂ ਖਾ ਚੁਕੇ ਹੁੰਦੇ, ਤਾਂ ਇਸ ਮੁਸੀਬਤ ਵਿਚ ਤਾਂ ਨਾਂ ਫਸਦੇ ? ਅਸੀਂ ਕੰਨ ਵਲ੍ਹੇਟ ਕੇ ਇਕ ਦੂਜੇ ਦੇ ਮੂੰਹ ਵਲ ਬਿਟਰ ਬਿਟਰ ਵੇਖਦੇ ਰਹੇ, ਪਰ ਦਰਵਾਜ਼ਾ ਨਾਂ ਖੋਹਲਿਆ। ਥੋੜ੍ਹੀ ਕੁ ਦੇਰ ਪਿਛੋਂ ਸਾਡੇ ਕੰਨਾਂ ਨੇ ਫਿਰ ਸੁਣਿਆ :—

"ਭਾਈ ਸਾਹਿਬ ਜੀ...ਮਹਾਂਪੁਰਸ਼ ਭਗਤੀ ਕਰ ਰਹੇ ਜਾਪਦੇ ਨੇ, ਨਹੀਂ ਤਾਂ ਜਵਾਬ ਤਾਂ ਦੇਂਦੇ ? ਆਉ, ਉਨ੍ਹਾਂ ਦੀ ਭਗਤੀ ਵਿਚ ਵਿਘਨ ਨਾ ਪਾਉਂ।"

"ਪਰ ਮਾਹਰਾਜ ਜੀ ਨੂੰ ਭੋਜਨ ਛਕਾਏ ਬਗੈਰ... ਅਸੀਂ ਕਿਵੇਂ ਛਕ ਲਈਏ ?

"ਠਹਿਰ ਕੇ ਫਿਰ ਆ ਜਾਵਾਂਗੇ...ਆਉ ਭਾਈ ਸਾਹਿਬ ਜੀ—"

—ਸਾਨੂੰ ਦੋਹਾਂ ਨੂੰ ਕੰਬਣੀ ਛਿੜ ਪਈ। ਦਿਲ ਨਾਲ ਕੁਝ ਫੈਸਲਾ ਕਰਕੇ ਮੈਂ ਝਟਪਟ ਪਲੰਘ ਤੋਂ ਉਠਿਆ, ਤੇ ਲੋਈ ਦੀ ਬੁਕਲ ਮਾਰ ਕੇ ਝਟਪਟ ਦਰਵਾਜ਼ਾ ਖੋਹਲ ਦਿਤਾ, ਤੇ ਪਰੋਸੀਆਂ ਹੋਈਆਂ ਦੋਵੇਂ ਥਾਲੀਆਂ ਫੜ ਕੇ ਅੰਦਰੋਂ ਫਿਰ ਕੁੰਡੀ ਜੜ ਦਿਤੀ।...●

IMPORTERS EXPORTERS WHOLESALERS RETAILERS

**ROKKO SAREES & FABRICS** S - 39, GREEN PARK, NEW DELHI-16, INDIA. PHONE: 77790

OWNED AND OPERATED BY B. S. KHURANA AND SONS AND GRANDSONS

## ਸ਼ਾਜ਼ ਅਤੇ ਆਵਾਜ਼

# ਨਾਇਕ ਤੇ ਨਾਇਕਾ

ਲੇਖਕ : ਰਾਜਿੰਦਰ ਸਿੰਘ ਬੇਦੀ

**ਭਾਰਤੀ** ਫਿਲਮਾਂ ਵਿਚ ਜੋ ਪੁਰਸ਼ ਕਲਾਕਾਰ ਬਹੁਤੇ ਪੈਸੇ ਲੈਂਦੇ ਹਨ ਤੇ ਡਿਸਟੀਬਿਊਟਰ ਆਮ ਤੌਰ ਤੇ ਉਹਨਾਂ ਦੇ ਨਾਂ ਦੀਆਂ ਫਿਲਮਾਂ ਹੀ ਲੈਂਦੇ ਹਨ ਪਰ ਮੇਰੇ ਵਿਚਾਰ ਵਿਚ ਜੇ ਹਰ ਪਾਸਿਓਂ ਦੇਖਿਆ ਜਾਵੇ ਤਾ ਇਸਤਰੀਆਂ ਪੁਰਸ਼ਾਂ ਦੇ ਮੁਕਾਬਲੇ ਵਿਚ ਕਲਾਕਾਰ ਦੇ ਤੌਰ ਤੇ ਵੀ ਵਧੀਆ ਤੇ ਮਨੁਖ ਦੇ ਤੌਰ ਤੇ ਵੀ।

ਲਖ ਯਤਨ ਕਰਨ ਤੇ ਵੀ ਸਾਡੀ ਫਿਲਮੀ ਦੁਨੀਆ,ਗੀਤਾ ਬਾਲੀ, ਸੁਚਿਤ੍ਰਾ, ਸੈਨ, ਮੀਨਾ ਕੁਮਾਰੀ, ਵਿਜੰਤੀ ਮਾਲਾ ਵਹੀਦਾ ਰਹਿਮਾਨ ਤੋਂ ਵਧੀਆ ਪੁਰਸ਼ ਕਲਾਕਾਰ ਪੈਦਾ ਨਹੀਂ ਕਰ ਸਕੀ। ਜੇ ਇਹ ਅਭਿਨੇਤਰੀਆਂ ਦੇ ਤੌਰ ਤੇ ਕਿਤੇ ਘਟੀਆ ਮਹਿਸੂਸ ਹੁੰਦੀਆ ਹਨ ਤਾਂ ਸਿਰਫ ਇਸ ਲਈ ਕਿ ਪੁਰਸ਼ਾਂ ਦੀਆਂ ਦੁਨੀਆਂ ਵਿਚ ਉਹਨਾਂ ਦਾ ਮੁਕਾਬਲਾ ਮੁਸ਼ਕਿਲ ਹੈ। ਉਹਨਾ ਨੂੰ ਜਾਂ ਤਾਂ ਕਿਸੇ ਨਿਰਮਾਤਾ ਨਾਇਕ ਦੀ ਫਿਲਮ ਵਿਚ ਕੰਮ ਕਰਨਾ ਪੈਂਦਾ ਹੈ ਜਿਸ ਵਿਚ ਸਾਰੀ ਕਹਾਣੀ ਤੇ ਉਸ ਦੇ ਦ੍ਰਿਸ਼ ਨਾਇਕ ਨੂੰ ਧਿਆਨ ਵਿਚ ਰਖ ਕੇ ਲਿਖੇ ਹੁੰਦੇ ਹਨ ਜਾ ਫਿਰ ਨਾਇਕ ਆਪਣਾ ਮੁਲ ਬਹੁਤਾ ਹੋਣ ਕਾਰਨ ਨਿਰਮਾਤਾ, ਨਿਰ-ਦੇਸ਼ਕ ਤੇ ਲੇਖਕ ਤੇ ਛਾਇਆ ਰਹਿੰਦਾ ਹੈ ਤੇ ਆਪਣੇ ਮੁਕਾਬਲੇ ਵਿਚ ਨਾਇਕਾ ਲਈ ਏਨਾ ਸਕੋਪ ਨਹੀਂ ਰਹਿਣ ਦੇਂਦਾ ਜਿੰਨਾ ਆਪਣੇ ਲਈ ਚਾਹੁੰਦਾ ਹੈ। ਪਰ ਥੋੜੇ ਸਕੋਪ ਵਿਚ ਵੀ ਨਾਇਕਾ ਜਦੋਂ ਨਾਇਕ ਦੇ ਸਾਹਮਣੇ ਆਉਂਦੀ ਹੈ ਤਾ ਆਪਣੇ ਚਿਹਰੇ ਦੀ ਇਕ ਹੀ ਸ਼ਿਕਨ ਨਾਲ ਉਹ ਗਲ ਕਹਿ ਜਾਂਦੀ ਹੈ ਜਿਹੜੀ ਨਾਇਕ ਦਾ ਸਾਰਾ ਨੱਚਣਾ, ਟਪਣਾ ਨਹੀਂ ਕਹਿ ਸਕਦਾ।

ਫਿਲਮ ਵਿਚ ਲਏ ਜਾਣ ਤੇ ਫੇਰ ਦਰਸ਼ਕਾ ਵਲੋਂ ਸਲਾਹੇ ਜਾਣ ਲਈ ਕਿਸੇ ਅਭਿਨੇਤਰੀ ਵਿਚ ਬੜੀ ਵਡੀ ਯੋਗਤਾ ਹੋਣੀ ਚਾਹੀਦੀ ਹੈ। ਵਿਜੰਤੀ ਮਾਲਾ ਨੂੰ ਹੀ ਲੈ ਲਵੋ। ਇਸ ਤੋਂ ਪਹਿਲਾ ਕਿ ਉਹ ਫਿਲਮਾ ਵਿਚ ਆਪਣੀ ਥਾ ਬਣਾਉਂਦੀ, ਉਸ ਨੇ ਆਪਣ ਵਿਚ ਯੋਗਤਾ ਪੈਦਾ ਕਰਨ ਲਈ ਦਖਣੀ ਭਾਰਤ ਦੇ ਕਿਹੜੇ ਕਿਹੜੇ ਗੁਰੂ ਕੋਲੋਂ ਸਿਖਿਆ ਹਾਸਲ ਨਹੀਂ ਕੀਤੀ। ਵਰ੍ਹਿਆ ਦੀ ਸਾਧਨਾ ਪਿਛੋਂ ਜਾ ਕੇ ਕਿਤੇ ਉਸ ਨ ਫਿਲਮੀ ਪਰਦੇ ਤੇ ਆਉਣ ਦੀ ਹਿੰਮਤ ਕੀਤੀ। ਪਰ ਇਸ ਤੋਂ ਉਲਟ, ਸਾਡੇ ਸਾਰੇ ਨਾਇਕ ਥੋੜ੍ਹਾ ਜਿਹਾ ਪੜ੍ਹ ਲਿਖ ਕੇ ਤੇ ਸੁਹਣੇ ਚਿਹਰੇ ਨੂੰ ਹੀ ਸਭ ਕੁਝ ਸਮਝਦੇ ਹਨ।

ਅਭਿਨੇਤਰੀਆ ਵਿਚ ਵਿਜੰਤੀ ਮਾਲਾ ਦੀ ਖਾਸ ਥਾਂ ਹੈ। ਉਸ ਤੇ ਨਿਗ੍ਹਾ ਪੈਂਦਿਆਂ ਹੀ ਦੋ ਗੱਲਾ ਦਾ ਅਹਿਸਾਸ ਹੁੰਦਾ ਹੈ, ਸੁੰਦਰਤਾ ਤੇ ਚੰਗੇ ਸੁਭਾ ਦਾ। ਸਾਡੀਆਂ ਅਭਿਨੇਤਰੀਆਂ ਵਿਚੋਂ ਵਿਜੰਤੀ ਮਾਲਾ ਹੀ ਸਰੂ ਵਰਗੇ ਲਮੇ ਕੱਦ ਵਾਲੀ ਤੇ ਫਾਰਸੀ ਸ਼ਾਇਰੀ ਦੇ 'ਮਾਸ਼ੂਕ' ਵਰਗੀ ਹੈ। ਉਸ ਨੂੰ ਦੇਖ ਕੇ ਕਿਸੇ ਬਹੁਤ ਵੱਡੇ ਚਿਤਰਕਾਰ ਦੇ ਚਿਤਰ ਦਾ ਖਿਆਲ ਆ ਜਾਂਦਾ ਹੈ, ਜਿਸ ਵਿਚ ਰੇਖਾਵਾਂ ਬੜੇ ਆਰਾਮ ਨਾਲ ਹੌਲੀ ਹੌਲੀ ਵਾਹੀਆਂ ਹੋਈਆਂ ਜਾਪਦੀਆਂ ਹਨ। ਜਿਸਮ ਨੂੰ ਸੁਡੌਲ ਤੇ ਸੁਹਣਾ ਬਣਾਉਣ ਵਿਚ ਜੇ ਉਸ ਦਾ ਨਚਣਾ ਮਦਦ ਕਰਦਾ ਹੈ ਤਾਂ ਖਾਣ ਪੀਣ ਦੇ ਪਰਹੇਜ਼ ਨੇ ਵੀ ਕਾਫੀ ਫ਼ਾਇਦਾ ਪਹੁੰਚਾਇਆ ਹੈ। ਸ਼ੂਟਿੰਗ ਦੇ


MOVIES FOREIGN EXCHANGE CONCERT

**SIHOTA DISTRIBUTORS** 3483 KINGSWAY, VANCOUVER, B.C. PHONE: 438-1304
CANADA. V5R 5L5 324-2557

MANAGER KARTAR SINGH AHLUWALIA

ਦਿਨੀਂ ਮੈਂ ਉਸ ਨੂੰ ਦੁਪਹਿਰ ਦੀ ਰੋਟੀ ਦੀ ਥਾਂ ਸਿਰਫ ਫੱਲਾਂ ਦਾ ਰਸ ਪੀਂਦੀ ਦੇਖਿਆ ਹੈ।

ਵਿਜੰਤੀ ਮਾਲਾ ਦੀਆਂ ਅੱਖਾਂ ਬਹੁਤ ਵਡੀਆਂ ਵਡੀਆਂ ਹਨ। ਅਜਿਹਾ ਜਾਪਦਾ ਹੈ ਜਿਵੇਂ ਉਹ ਕੁਦਰਤ ਨੇ ਨਹੀਂ ਸਗੋਂ ਚਿਤਰਕਾਰ ਯਾਮਿਨੀ ਰਾਏ ਨੇ ਬਣਾਈਆਂ ਹੋਣ। ਉਸਦੀਆਂ ਵਿਸ਼ਾਲ ਸੋਹਣੀਆਂ ਅੱਖਾਂ ਕਿਸੇ ਹਦ ਤਕ ਕੰਨਾਂ ਵਲ ਖਿਚੀਆਂ ਹੋਈਆਂ ਹਨ। ਉਹਨਾਂ ਵਲ ਦੇਖ ਕੇ ਖਿਆਲ ਆਉਂਦਾ ਹੈ ਕਿ ਉਹ ਸਾਹਮਣੇ ਦੇਖਣ ਲਗੀ ਪਿਛੇ ਵਲ ਵੀ ਦੇਖ ਲੈਂਦੀ ਹੈ। ਅਜਿਹੀਆਂ ਅੱਖਾਂ ਜੇ ਮਸਤੀ ਵਿਚ ਆ ਜਾਣ ਤਾਂ ਕੀ ਹੋਂਦਾ ਹੋਵੇਗਾ ? ਉਹਨਾ ਅੱਖਾਂ ਕਰਕੇ ਵਿਜੰਤੀ ਮਾਲਾ ਨੂੰ ਬਹੁਤਾ ਬੋਲਣ ਦੀ ਲੋੜ ਨਹੀਂ ਪੈਂਦੀ। ਇਕ ਲੇਖਕ ਦੇ ਨਾਤੇ ਮੈਨੂੰ ਵੀ ਅਜਿਹੇ ਦ੍ਰਿਸ਼ਾਂ ਦੇ ਲੰਮੇ ਚੌੜੇ ਡਾਇਲਾਗ ਲਿਖਣ ਦੀ ਲੋੜ ਨਹੀਂ ਪੈਂਦੀ।

ਮੈਨੂੰ ਵਿਜੰਤੀ ਮਾਲਾ ਨਾਲ ਚਾਰ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਹੈ : ਦੇਵ ਦਾਸ, ਮਧੂਮਤੀ, ਆਸ ਕਾ ਪੰਛੀ ਤੇ ਰੰਗੋਲੀ।

ਦੇਵ ਦਾਸ ਵਿਚ ਵਿਜੰਤੀ ਮਾਲਾ ਦਾ ਇਕ ਵੇਸਵਾ ਦਾ ਰੋਲ ਸੀ। ਜਿਹੜਾ ਕਿਸੇ ਵੀ ਤਰ੍ਹਾਂ ਨਾਇਕਾ ਦਾ ਰੋਲ ਨਹੀਂ ਕਿਹਾ ਜਾ ਸਕਦਾ। ਪਰ ਜਿਨ੍ਹਾਂ ਨੇ ਸਰਤ ਚੰਦਰ ਦਾ ਨਾਵਲ ਦੇਵ ਦਾਸ ਪੜ੍ਹਿਆ ਹੈ ਉਹ ਜਾਣਦੇ ਹਨ ਕਿ ਚੰਦਰ ਮੁਖੀ ਦਾ ਰੋਲ ਛੋਟਾ ਹੋਣ ਦੇ ਬਾਵਜੂਦ ਵੀ ਆਪਣੇ ਆਪ ਵਿਚ ਬਹੁਤ ਵਡਾ ਹੈ।

ਉਹਨੀਂ ਦਿਨੀਂ ਵਿਜੰਤੀ ਮਾਲਾ ਮਦਰਾਸ ਦੀਆਂ ਇਕ ਦੋ ਹਿੰਦੀ ਫਿਲਮਾਂ ਵਿਚ ਕੰਮ ਕਰ ਚੁਕੀ ਸੀ। ਜਦੋਂ ਉਹ ਸਾਡੇ ਸਾਹਮਣੇ ਆਈ ਤਾਂ ਅਸੀਂ ਉਸਨੂੰ ਇਕ ਗੁਡੀ ਤੋਂ ਵਧ ਕੁਝ ਨਹੀਂ ਸਮਝਦੇ ਸੀ, ਜਿਹੜੀ ਚਾਬੀ ਦੇਣ ਤੇ ਹਥ ਪੈਰ ਮਾਰਨ ਲਗਦੀ ਸੀ। ਉਸ ਦੇ ਨਾਲ ਅਭਿਨੇਤਰੀ ਦੇ ਰੋਲ ਵਿਚ ਬੰਗਾਲ ਦੀ ਪ੍ਰਸਿਧ ਅਭਿਨੇਤ੍ਰੀ ਸੁਚਿਤ੍ਰਾ ਸੈਨ ਸੀ ਜਿਹੜੀ ਬਹੁਤ ਖੂਬਸੂਰਤ ਹੋਣ ਦੇ ਨਾਲ ਨਾਲ ਬੜੀ ਵਡੀ ਕਲਾਕਾਰ ਭੀ ਸੀ। ਉਸ ਦੇ ਸਾਹਮਣੇ ਵਿਜੰਤੀ ਮਾਲਾ ਦਾ ਵਜੂਦ ਬੜਾ ਔਖਾ ਜਿਹਾ ਸੀ ਤੇ ਫੇਰ, ਉਸ ਦੇ ਰੋਲ ਵਿਚ ਏਨੀ ਤੱਥਾਈ ਸੀ ਕਿ ਉਸ ਦੀ ਥਾਂ ਨੂੰ ਪਹੁੰਚਣਾ ਕਿਸੇ ਸਾਧਾਰਣ ਕਲਾਕਾਰ ਦਾ ਕੰਮ ਨਹੀਂ ਸੀ। ਵੇਸਵਾ ਚੰਦਰਮੁਖੀ ਦੇਵ ਦਾਸ ਨੂੰ ਇਸ ਲਈ ਪਿਆਰ ਕਰਦੀ ਹੈ ਕਿ ਉਹ ਪਹਿਲਾ ਪੁਰਸ਼ ਹੈ ਜਿਸ ਨੇ ਉਸ ਨਾਲ ਨਫਰਤ ਕੀਤੀ ਸੀ। ਉਸ ਨਫਰਤ ਨੂੰ ਚੰਦਰ ਮੁਖੀ ਵਿਚਲੀ ਗੰਦੀ ਤੀਵੀਂ ਨੂੰ ਹਮੇਸ਼ਾ ਲਈ ਖਤਮ ਕਰ ਦਿਤਾ, ਤੇ ਉਹ ਆਪਣਾ ਪੇਸ਼ਾ ਛਡ ਕੇ ਜਿਸਮ ਦੇ ਬਦਲੇ ਸਿਰਫ ਆਤਮਾ ਬਣ ਗਈ। ਵਿਜੰਤੀ ਮਾਲਾ ਨੇ ਕੁਝ ਉਦਾਸ ਜਿਹੀਆਂ ਅਦਾਵਾਂ ਤੇ ਬਹਿਕੀਆਂ ਬਹਿਕੀਆਂ ਨਜ਼ਰਾਂ ਨਾਲ ਇਸ ਬੇਹਦ ਮੁਸ਼ਕਲ ਰੋਲ ਨੂੰ ਬੜੀ ਹੀ ਕੁਸ਼ਲਤਾ ਨਾਲ ਨਿਭਾਇਆ। ਜਿਥੇ ਉਸਦਾ ਨਾਚ ਮਨ ਪਰਚਾਵੇ ਦਾ ਸਾਧਨ ਸੀ, ਉਥੇ ਉਸ ਦੀ ਐਕਟਿੰਗ ਆਤਮਾ ਦੀ ਖੁਰਾਕ ਸੀ।

ਸ਼ਾਇਦ ਇਸੇ ਕਰਕੇ ਬਿਮਲ ਰਾਏ ਨੇ ਵਿਜੰਤੀ ਮਾਲਾ ਨੂੰ ਆਪਣੀ ਅਗਲੀ ਫਿਲਮ 'ਮਧੂਮਤੀ' ਵਿਚ ਭਾਰਤੀ ਫਿਲਮਾਂ ਦੇ ਚੋਟੀ ਦੇ ਕਲਾਕਾਰ ਦਲੀਪ ਕੁਮਾਰ ਨਾਲ ਫੇਰ ਚੁਣਿਆ ਸੀ। ਫਿਲਮ ਵਿਚ ਕਈ ਅਜਿਹੇ ਦ੍ਰਿਸ਼ ਆਉਂਦੇ ਹਨ ਜਿਥੇ ਦਲੀਪ ਕੁਮਾਰ ਸਿਰਫ ਸੁੰਦਰਤਾ ਬਣ ਜਾਂਦਾ ਹੈ ਤੇ ਵਿਜੰਤੀ ਮਾਲਾ ਪਿਆਰ। ਵਿਜੰਤੀ ਮਾਲਾ ਨੇ ਦਰਸ਼ਕਾਂ ਦੇ ਸਾਹਮਣੇ ਪਿਆਰ ਦੀ ਉਹ ਤਸਵੀਰ ਪੇਸ਼ ਕੀਤੀ ਕਿ ਉਹ ਉਸ ਨੂੰ ਪਾਉਣ ਲਈ ਅਗਲੇ ਜਨਮ ਦੀਆਂ ਮੁਸੀਬਤਾਂ ਸਹਿਣ ਲਈ ਤਿਆਰ ਸਨ। (ਜੇ ਇਹ ਅਗਲੇ ਜਨਮ ਦਾ ਸਿਲਸਲਾ ਨਾ ਹੁੰਦਾ ਤਾਂ ਮੈਂ ਇਹ ਫਿਲਮ ਕਿਵੇਂ ਲਿਖਦਾ।)

'ਆਸ ਕਾ ਪੰਛੀ' ਵਿਚ ਵਿਜੰਤੀ ਮਾਲਾ ਦਾ ਸਾਧਾਰਣ ਜਿਹਾ ਰੋਲ ਸੀ, ਤੇ ਉਸ ਦਾ ਦਾਇਰਾ ਨਾਇਕ ਦੇ ਮੁਕਾਬਲੇ ਬਹੁਤ ਛੋਟਾ ਸੀ, ਪਰ ਉਸ ਛੋਟੇ ਰੋਲ ਵਿਚ ਵੀ ਵਿਜੰਤੀ ਮਾਲਾ ਨੇ ਵਧੀਆ ਐਕਟਿੰਗ ਦਾ ਨਤੀਜਾ ਦਿਤਾ।

'ਰੰਗੋਲੀ' ਮੈਂ ਆਪ ਹੀ ਲਿਖੀ ਤੇ

MOVIES FOREIGN EXCHANGE CONCERT

SIHOTA DISTRIBUTORS 3483 KINGSWAY, VANCOUVER, B.C.; PHONE: 438-1304
CANADA. V5R 5L5 324-2557

MANAGER KARTAR SINGH AHLUWALIA

ਆਪ ਹੀ ਬਣਾਈ ਸੀ ਤਾਂ ਵਿਜੰਤੀ ਮਾਲਾ ਨਾਲ ਮੇਰਾ ਸਿਧਾ ਵਾਸਤਾ ਪਿਆ। ਕੌੜੇ ਤਜਰਬੇ ਵੀ ਹੋਏ ਤੇ ਮਿਠੇ ਵੀ ਪਰ ਇਕ ਗਲ ਜਿਹੜੀ ਵਿਜੰਤੀ ਮਾਲਾ ਦੇ ਹੱਕ ਵਿਚ ਜਾਂਦੀ, ਉਹ ਇਹ ਕਿ ਇਕ ਵਾਰ 'ਕਾਲ ਸ਼ੀਟ' ਮਨਜ਼ੂਰ ਕਰ ਲੈਣ ਪਿਛੋਂ ਉਹ ਹੋਰ ਕਲਾਕਾਰਾਂ ਦੇ ਮੁਕਾਬਲੇ ਵਿਚ ਉਸ ਵਿਚ ਬਹੁਤ ਘਟ ਹੇਰ ਫੇਰ ਕਰਦੀ ਹੈ ਤੇ ਸੈੱਟ ਦੇ ਉਸ·ਦਾ ਬਹੁਤ ਚੰਗਾ ਵਿਹਾਰ ਹੁੰਦਾ ਹੈ।

ਇਕ ਫਿਲਮ ਜਿਸ ਵਿਚ ਵਿਜੰਤੀ ਮਾਲਾ ਕਲਾ ਦੇ ਸਿਖਰ ਤੇ ਪਹੁੰਚੀ, ਉਹ ਦਲੀਪ ਕੁਮਾਰ ਦੀ 'ਗੰਗਾ ਜਮਨਾ' ਸੀ। ਉਸ ਫਿਲਮ ਵਿਚ ਦਲੀਪ ਕੁਮਾਰ ਦੇ ਆਪ ਹੀ ਕਰਤਾ ਧਰਤਾ ਹੋਣ ਤੇ ਦ੍ਰਿਸ਼ ਬਹੁਤੇ ਉਸ ਦੇ ਹੀ ਦ੍ਰਿਸ਼ਟੀਕੋਨ ਨਾਲ ਲਿਖੇ ਹੋਣ ਦੇ ਬਾਵਜੂਦ ਵੀ ਜਿਥੋਂ ਤਕ ਭਾਵਾਂ ਦੇ ਪੇਸ਼ ਕਰਨ ਦਾ ਸਵਾਲ ਸੀ, ਵਿਜ਼ੰਤੀ ਮਾਲਾ ਦਲੀਪ.ਦੇ ਬਰਾਬਰ ਹੀ ਰਹੀ। ਜੇ ਕਿਤੇ ਉਹ ਉਸਦੇ ਮੁਕਾਬਲੇ ਵਿਚ ਕੁਝ ਘਟ ਮਹਿਸੂਸ ਹੁੰਦੀ ਹੈ ਤਾਂ ਇਸ ਲਈ ਕਿ ਕਹਾਣੀ ਦੇ ਸਾਰੇ ਦਾਅ ਪੇਚ ਹੀਰੋ ਦਲੀਪ ਕੁਮਾਰ ਦੇ ਹੱਥ ਵਿਚ ਸਨ। ਜੇ ਉਹ ਬੇਈਮਾਨ ਕਿਹਾ ਜਾਣ ਤੇ ਆਪਣੀ ਪ੍ਰਤੀਕ੍ਰਿਆ ਦਿਖਾਉਂਦਾ ਹੈ ਤਾਂ ਦ੍ਰਿਸ਼ ਉਸ ਦੇ ਹੱਥ ਵਿਚ ਹੁੰਦਾ ਹੈ ਤੇ ਜੇ ਉਹ ਡਾਕੂ ਬਣਨ ਪਿਛੋਂ, ਕਾਨੂੰਨ ਦੀ ਪਕੜ ਵਿਚ ਇਸ ਲਈ ਆਉਣਾ ਚਾਹੁੰਦਾ ਹੈ ਕਿਉਂਕਿ ਧੰਨੋ ਦੇ ਬੱਚਾ ਹੋਣ ਵਾਲਾ ਹੈ ਤਾਂ ਵੀ ਉਸਦੇ ਹੱਥ ਹੁੰਦਾ ਹੈ। ਅਜਿਹੇ ਬਹੁਤ ਘਟ ਦ੍ਰਿਸ਼ ਹਨ ਜਿਹੜੇ ਵਿਜੰਤੀ ਮਾਲਾ ਨੂੰ ਸਾਹਮਣੇ ਰੱਖਕੇ ਲਿਖੇ ਗਏ ਹੋਣ। ਇਸਦੇ ਬਾਵਜੂਦ ਵੀ ਉਹ ਫਿਲਮ ਵਿਚ ਚਮਕਦੀ ਹੈ। ਇਕ ਸਿਧੀ ਸਾਦੀ, ਅਲੜ੍ਹ ਪੇਂਡੂ ਕੁੜੀ ਦਾ ਰੋਲ ਉਸ ਨੇ ਬਹੁਤ ਹੀ ਚੰਗੀ ਤਰ੍ਹਾਂ ਕੀਤਾ ਹੈ।

ਰਾਜ ਕਪੂਰ ਦੀ ਫਿਲਮ 'ਸੰਗਮ' ਵਿਚ ਵੀ ਵਿਜੰਤੀ ਮਾਲਾ ਨੇ ਜੀ ਜਾਨ ਤੋਂ ਕੰਮ ਕੀਤਾ ਹੈ, ਪਰ ਇਥੇ ਵੀ ਉਹੀ ਮੁਸ਼ਕਲ ਉਸ ਦੇ ਅਗੇ ਸੀ। ਰਾਜ ਕਪੂਰ ਫਿਲਮ ਦਾ ਨਿਰਮਾਤਾ ਨਿਰਦੇਸ਼ਕ ਨਾਇਕ ਸਭ ਕੁਝ ਸੀ। ਅਜਿਹੀ ਹਾਲਤ ਵਿਚ ਉਸ ਵਿਚ ਨਾਇਕਾ ਦੇ ਉਭਰਨ ਲਈ ਬਹੁਤ ਘਟ ਚਾਨਸ ਸਨ।

ਕਾਸ਼! ਕੋਈ ਨਿਰਮਾਤਾ ਵਿਜੰਤੀ ਮਾਲਾ ਦੀ ਯੋਗਤਾ ਤੇ ਮਹਾਨਤਾ ਦਾ ਸਹੀ ਸਹੀ ਅੰਦਾਜ਼ਾ ਲਾ ਕੇ ਕੋਈ ਅਜਿਹੀ ਕਹਾਣੀ ਫਿਲਮਾਏ ਜਿਹੜੀ ਨਾਇਕਾ ਦੀ ਨਜ਼ਰ ਵਿਚ ਰਖ ਕੇ ਹੀ ਲਿਖੀ ਗਈ ਹੋਵੇ ਤਾਕਿ ਵਿਜੰਤੀ ਮਾਲਾ ਦੀ ਕਲਾ ਖੁਲ੍ਹ ਕੇ ਲੋਕਾਂ ਦੇ ਸਾਹਮਣੇ ਆਵੇ ਤੇ ਪਤਾ ਲਗੇ ਕਿ ਇਸ ਅਭਿਨੇਤ੍ਰੀ ਦੀ ਕਲਾ ਦੀ ਸਤਰੰਗੀ ਪੀਂਘ ਆਪਣੀ ਸੱਤਾਂ ਰੰਗਾਂ ਤੋਂ ਕਿਹੀ ਸੁੰਦਰਤਾ ਸਾਕਾਰ ਕਰਦੀ ਹੈ।


ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ ਸਹਾਇਕ :-

ਸਿੱਧੂ ਇਨਸ਼ੋਰੈਂਸ ਸਰਵਿਸਜ਼ ਕੰਪਨੀ (ਲਿਮਟਿਡ)

(ਸੁਰਜੀਤ ਸਿੱਧੂ)

AUTO - FIRE - LIFE

BUS: 8795522 RES. 874-6656

#204-3310 FRASER
VANCOUVER 10, B.C.



ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੋਵਰ

ਦੀ ਅਗਲੀ ਮਾਸਕ-ਇਕੱਤਰਤਾ 7 ਅਪ੍ਰੈਲ 1974 ਨੂੰ ਸਵੇਰੇ 10 ਵਜੇ MOUNT PLEASANT INFORMATION CENTRE 758-E. BROADWAY ਵਿਖੇ ਹੋਵੇਗੀ। ਸਾਹਿਤ ਪ੍ਰੇਮੀਆਂ ਨੂੰ ਸ਼ਾਮਲ ਹੋਣ ਲਈ ਖੁੱਲਾ ਸੱਦਾ ਪੱਤਰ ਦਿੱਤਾ ਜਾਂਦਾ ਹੈ। ਯਾਦ ਰਹੇ ਕਿ ਐਸੋਸੀਏਸ਼ਨ ਦੀ ਮਾਸਕ-ਇਕੱਤਰਤਾ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਹੁੰਦੀ ਹੈ।

ਸੁਰਿੰਦਰ ਧੰਜਲ
ਜਨਰਲ ਸਕੱਤਰ



IMPORTERS EXPORTERS WHOLESALERS RETAILERS

**ROKKO SAREES & FABRICS** 27 SUSSEX RD., SOUTH CROYDON, LONDON, ENGLAND. PHONE: 688-4590

OWNED AND OPERATED BY B. S. KHURANA AND SONS AND GRANDSONS

# ਸੈਂਚਰੀ ਟਰੈਵਲ ਸਰਵਿਸ

204-3310 ਫਰੇਜਰ ਸਟਰੀਟ, ਵੈਨਕੋਵਰ, ਬੀ.ਸੀ. , ਕੈਨੇਡਾ

OFF. 874-9429 RES. 437-3997

## CENTURY TRAVEL SERVICE

204 - 3310 Fraser St.
Vancouver, B. C., Canada
V5V 4C1

Lowest fares to India, Pakistan, Fiji,
Europe and All over The World

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ,
ਪਾਕਿਸਤਾਨ, ਫੀਜੀ, ਯੂਰਪ ਅਤੇ ਸਾਰੇ ਸੰਸਾਰ ਦੀ
ਯਾਤਰਾ ਕਰਵਾਉਣ ਦਾ ਪ੍ਰਬੰਧ ਕਰਦੇ ਹਾਂ।

Gursharn Sandhu



For Any Kind Of

## INSURANCE

(Life, Accident, Sickness,
Mortgage & Childern)

Contact

RUPINDER S. AZAD
M.A., B.Ed.
of
SEA BOARD LIFE INSURANCE COMPANY

HEAD OFFICE: 1900 - W. BROADWAY, VANCOUVER, B.C.
OFFICE: 736-7431 RES.: 325-9077

# BB BLOCK BROS. REALTY LTD.

THE LARGEST REAL ESTATE COMPANY
IN B. C.
WITH OFFICES ALL OVER LOWER MAINLAND

FOR ALL KIND OF REAL ESTATE NEEDS INCLUDING FREE APPRASIAL OF YOUR HOUSE TO KNOW THE TRUE VALUE IN TODAYS MARKET.

CONTACT YOUR OWN REALTOR

## DALJIT SIDHU

OFFICE: 581-4601 RESIDENCE: 596-2666
596-9602



ਦਲਜੀਤ ਸਿੱਧੂ

ਦਫ਼ਤਰ: 581-4601 ਘਰ: 596-2666
596-9602

## ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਮ ਸੁਨੇਹਾ

(ਸੰਤ ਰਾਮ ਉਦਾਸੀ)

ਵਤਨ ਦੇ ਆਸ਼ਕੋ ! ਤੇ ਯੋਧਿਓ !! ਜਾਂ ਬਾਜ਼ ਸਰਦਾਰੋ,
ਅਣਖਾਂ ਵਾਲਿਓ ਕੁਰਬਾਨੀਆ ਦੇ ਅਲਮਬਰਦਾਰੋ ।
ਮੈਂ ਲਾਹਕੇ ਫ਼ਰਜ਼ ਅਪਣੇ, ਅੰਤ ਰੁਖ਼ਸਤ ਲੈਣ ਲਗਿਆ ਹਾਂ,
ਤੇ ਰੁਖ਼ਸਤ ਲੈਣ ਤੋਂ ਪਹਿਲਾ, ਸੁਣੋ ! ਕੁਝ ਕਹਿਣ ਲਗਿਆ ਹਾਂ ।
ਜਦੋਂ ਮਜ਼ਦੂਰ ਦੇ ਹੱਕਾਂ ਤੇ ਕੋਈ ਹੱਥ ਉੱਠਦਾ ਏ,
ਜਦੋਂ ਵੀ ਕਾਂਗ ਚੜ੍ਹਦੀ ਏ, ਮਾਸੂਮਾਂ ਦੀ ਕਿਆਮਤ ਦੀ ।
ਜਦੋਂ ਜ਼ੁਲਮਾਂ ਦੀ ਭੱਠੀ ਦੀ ਹੈ ਅਗਨੀ ਤੇਜ਼ ਹੋ ਜਾਂਦੀ,
ਤਦੋਂ ਵਿਸ਼ਵਾਸ ਹੋ ਜਾਂਦੈ ਇਹ ਆਮਦ ਹੈ ਬਗ਼ਾਵਤ ਦੀ ।
ਜਦੋਂ ਹੈ ਦੌਰ ਚਲਦਾ ਦੀਨ ਤੇ ਫ਼ਿਰਕਾ ਪ੍ਰਸਤੀ ਹੈ,
ਜਦੋਂ ਵੀ ਲੋਕ-ਹਿਤ ਮਜ਼ਹਬਾਂ ਦੇ ਨਾਪੇ ਨਾਪਿਆ ਜਾਂਦਾ ।
ਜਦੋਂ ਮਜ਼ਦੂਰ ਦੇ ਮੁੜ੍ਹਕੇ ਦਾ ਕੋਈ ਮੁਲ ਨਾ ਤਾਰੇ
ਵਤਨ ਹੈ ਕੀਲਿਆ ਜਾਂਦਾ ਅਤੇ ਸਰਾਪਿਆ ਜਾਂਦਾ ।
ਮੈਂ ਜੰਤਾ ਦੇ ਸਮੁੰਦਰ ਵਿਚ ਆਪਾ ਖੋਰ ਦਿੱਤਾ ਏ,
ਜ਼ੁਲਮ ਦੇ ਬਾਜ਼ ਜਾ ਲੋਕਾ ਨੂੰ ਚਿੜੀਆ ਵਾਂਗ ਸੀ ਫੜਦੇ ।
ਬੜਾ ਪ੍ਰਸੰਨ ਹਾਂ ਮੈਂ ਦੇਖਕੇ ਸਾਹਮੇ ਨਜ਼ਾਰੇ ਨੂੰ,
ਗਿੱਦੜ ਨੂੰ ਦੇਖਦਾ ਹਾਂ ਸ਼ੇਰ ਦੀ ਜਦ ਹਿੱਕ ਤੇ ਚੜ੍ਹਦੇ ।
ਮੈਂ ਏਸੇ ਲਈ ਹੀ ਆਪਣੇ ਆਪ ਨੂੰ ਮੰਨਿਆ ਹੈ ਗੁਰ-ਚੇਲਾ,
ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁਕ ਜਾਵੇ ।
ਮੈਂ ਏਸੇ ਲਈ ਗੜ੍ਹੀ-ਚਮਕੌਰ ਦੇ ਵਿਚ ਜੰਗ ਲੜਿਆ ਸੀ,
ਕਿ ਕਚੇ ਕੋਠੜੇ ਮੂਹਰੇ ਮਹਿਲ ਮੀਨਾਰ ਝੁਕ ਜਾਏ ।
ਤੇ ਜੇਕਰ ਤੁਸੀਂ ਮੈਨੂੰ ਆਪਣਾ ਸਰਦਾਰ ਮੰਨਿਆ ਸੀ,
ਤਾਂ ਮੈਂ ਫਿਰ ਮੁੱਲ ਵੀ ਸਰਦਾਰੀਆ ਦਾ ਤਾਰ ਚਲਿਆਂ ਹਾਂ ।
ਮੈਂ ਦੇਵਣ ਲਈ ਉਦਾਹਰਨ ਜੱਗ ਦੇ ਕੌਮੀ ਨੇਤਾਵਾਂ ਨੂੰ,
ਲੋਕਾਂ ਤੋਂ ਵਾਰ ਪਹਿਲਾ ਅਪਣਾ ਪ੍ਰੀਵਾਰ ਚਲਿਆ ਹਾਂ ।
ਮੇਰਾ ਮਕਸਦ ਤਾਂ ਸ਼ਖ਼ਸੀ-ਪੂਜਣਾ ਦੇ ਉਲਟ ਲੜਨਾ ਸੀ,
ਤੇ ਮਕਸਦ ਹੋਰ ਸੀ ਮੇਰਾ ਕਦੇ ਚੰਡੀ—ਰੀਝਾਵਣ ਦਾ ।
ਕਦੇ ਡਰ ਡਰ ਕੇ ਮਕਸਦ ਆਪਣਾ ਪਾਇਆ ਨਹੀਂ ਜਾਂਦਾ,
ਤੇ ਮਕਸਦ ਹੋਰ ਹੀ ਸੀ ਪੀਰ ਤਾਂ ਉੱਚ ਦਾ ਕਹਾਵਣ ਦਾ ।
ਮੈਂ ਆਪਣੇ ਪੁੱਤ ਨੂੰ ਪਾਣੀ ਦੀ ਨਾ ਸੀ ਬੂੰਦ ਵੀ ਦਿਤੀ,
ਮਕਸਦ ਹੋਰ ਸੀ ਘਨੱਈਏ ਦੇ ਪਾਣੀ ਪਿਲਾਵਣ ਦਾ ।
ਲੋਹਿਆ ਹੋਰ ਹੁੰਦਾ ਏ ਨਿਰੇ ਮਿਸ਼ਰੀ ਦੇ ਪਾਣੀ ਵਿਚ,
ਤੇ ਮਕਸਦ ਹੋਰ ਹੁੰਦਾ ਸੀ ਮੇਰੇ ਅੰਮ੍ਰਿਤ ਛਕਾਵਣ ਦਾ ।
ਰੰਘਰੇਟੇ ਆਖ ਕੇ ਕਿਰਤੀ ਦਾ ਮੈਂ ਸਤਿਕਾਰ ਕਰਦਾ ਹਾਂ,
ਇਹਨਾ ਨੇ ਦਰਸ਼ ਅੰਤਮ ਬਾਪ ਦਾ ਮੈਨੂੰ ਕਰਾਇਆ ਸੀ ।
ਮੈਂ ਨਾਈਆਂ, ਛੀਂਬਿਆਂ, ਝਿਊਰਾਂ ਤੋਂ ਜ਼ੁਲਮੀ ਛੱਟ ਲਾਹੁਣੀ ਸੀ,
ਮੈਂ ਸਾਝਾ ਪੰਥ ਸਾਜਣ ਦਾ ਤਾਂਹੀਉਂ ਕੌਤਕ ਰਚਾਇਆ ਸੀ ।
ਜੇ ਮੈਨੂੰ ਪਿਆਰ ਕਰਨਾ ਏ ਮੇਰੇ ਲੋਕਾਂ ਦਾ ਦਿਲ ਫੋਲੋ !
ਮੇਰਾ ਏਕੇ ਦਾ ਸੁਪਨਾ ਵੀ ਤਾਂ ਫਿਰ ਸਾਕਾਰ ਹੋ ਜਾਏ ।
ਮੈਂ ਜਿਸ ਦੇ ਨਾਲ ਲਿਖਿਆ ਏ, ਖ਼ੂਨੀ ਇਤਿਹਾਸ ਦਾ ਵਰਕਾ ।
ਮੇਰੀ ਕਲਮ ਮੇਰੀ ਕਵਿਤਾ ਦਾ ਬੇੜਾ ਪਾਰ ਹੋ ਜਾਏ ।

---

## ਕਲਮ ਅਤੇ ਤਲਵਾਰ

(ਸੁਰਿੰਦਰ ਧੰਜਲ)

'ਕਲਮ ਅਤੇ ਤਲਵਾਰ' ਅੱਜ ਵੀ, ਆਪਣੇ ਅੰਗ ਸੰਗ ਸਮਝਣ ਤੈਨੂੰ !
'ਸ਼ੁਭ ਕਰਮਨ ਤੇ ਕਬਹੂੰ ਨਾ ਟਰਹੂੰ', ਦੇਹ ਗੋਬਿੰਦ ਸਿੰਘ ! ਇਹ ਵਰ ਮੈਨੂੰ !

'ਕਲਮ ਅਤੇ ਤਲਵਾਰ' ਨਾਲ ਤੂੰ, ਅੱਗ ਜ਼ੁਲਮ ਦੀ ਆਣ ਬੁਝਾਈ !
ਰੂਹ ਨਵੇਲੀ ਫੂਕ ਦਿੱਤੀ ਸੀ, ਬੁਜ਼ਦਿਲ ਦੇ ਵਿੱਚ ਗ਼ੈਰਤ ਪਾਈ !

ਤੇਰੀ ਛੂਹ ਪਾਵਣ ਤੋਂ ਪਹਿਲਾਂ, ਰੁਲਦੀ ਹੈ ਸੀ ਭਾਰਤ-ਭੂਮੀ !
ਜਾਬਰ ਦੇ ਪੈਰਾਂ ਦੀ ਜੁੱਤੀ, ਮੁੱਲਦੀ ਹੈ ਸੀ ਭਾਰਤ-ਭੂਮੀ !

ਤੂੰ ਆ ਇਸਦੇ ਅੱਥਰੂ ਪੂੰਝੇ, ਐਸਾ ਇਸਨੂੰ ਜਾਮ ਪਿਲਾਇਆ !
ਇਸਦੀ ਰੂਹ ਤਾਈਂ ਨਸ਼ਿਆਇਆ, ਫ਼ਰਸ਼ੋਂ ਚੁੱਕਿਆ ; ਅਰਸ਼ ਚੜ੍ਹਾਇਆ !

ਕੈਹਾ ਸੀ ਉਹ ਅਜਬ ਨਜ਼ਾਰਾ, ਜਦ ਤੂੰ ਸਾਜੇ ਪੰਜ-ਪਿਆਰੇ !

---

IMPORTERS EXPORTERS WHOLESALERS RETAILERS

ROKKO SAREES & FABRICS 635 BLOOR STREET WEST, TORONTO, ONTARIO, CANADA. PHONE: 533-1106

OWNED AND OPERATED BY B. S. KHURANA AND SONS AND GRANDSONS

ਜਿੰਨ੍ਹਾਂ ਝੁਕਣਾ ਕਦੇ ਨਾ ਸਿੱਖਿਆ, ਦੁੱਖਾਂ ਸਾਹਵੇਂ ਕਦੇ ਨਾ ਹਾਰੇ !
ਦੋ ਅਧਖਿੜੀਆਂ ਕਲੀਆਂ ਨੂੰ ਸੀ, ਨੀਹਾਂ ਦੇ ਵਿੱਚ ਤੂੰ ਚਿਣਵਾਇਆ !
ਦੋ ਹਸਦੇ ਹੋਏ ਫੁੱਲਾਂ ਨੂੰ ਤੂੰ, ਆਪ ਜੰਗ ਦੀ ਭੇਟ ਚੜ੍ਹਾਇਆ !
ਮਾਤਾ ਦੇ ਪੁੱਛਣ ਤੇ ਦੱਸਿਆ, "ਮੈਂ ਉਹ ਚਾਰੇ ਵਾਰ ਦਿੱਤੇ ਨੇ !
ਪਰ ਤੂੰ ਸਖੀ ! ਉਦਾਸ ਨਾ ਹੋਵੀਂ, ਜੀਵਤ ਕਈ ਹਜ਼ਾਰ ਦਿੱਤੇ ਨੇ !"
ਛੂਤ-ਛਾਤ ਨੂੰ ਪਿੱਛੇ ਮੁੜਕੇ, ਮਾਨਵਤਾ ਨੂੰ ਸਬਕ ਸਿਖਾਇਆ !
ਤਿੰਨ ਜੋ, ਪੱਕੇ, ਨੀਵਿਆਂ ਤਾਈਂ, 'ਤਾਜ' ਉਠਾਇਆ, ਗਲ ਨਾਲ ਲਾਇਆ !
ਸੱਚ ਆਖਾਂ ਓ ਮਿੱਤਰ ਪਿਆਰੇ ! ਜਦ ਤੂੰ ਏਥੇ ਫੇਰਾ ਪਾਇਆ !!
ਖਿਜ਼ਾਂ ਬਦਲੀਆਂ ਵਿੱਚ ਬਹਾਰਾਂ, ਮਹਿਕ ਉੱਠੀ ਸੀ ਉਜੜੀ ਕਾਇਆ !
'ਕਲਮ' ਤੇਰੀ ਏਹੋ ਵਰ ਮੰਗੇ – 'ਸ਼ੁਭ ਕਰਮਨ ਤੇ ਨਹੀਂ ਟਰਾਂ ਮੈਂ,
ਲੋੜ ਪਏ ਤਾਂ ਦੂਜਿਆਂ ਖਾਤਰ, ਰਣ ਅੰਦਰ ਹੀ ਜੂਝ ਮਰਾਂ ਮੈਂ' !

ਨਾ ਕੋਈ ਵੈਰੀ, ਨਾਹੀ ਬਿਗਾਨਾ, ਸਭ ਨੂੰ ਇੱਕੋ ਜੇਹਾ ਜਾਣੇਂ !
ਇੱਕੋ ਨੂਰੋਂ ਉਪਜੇ ਸਾਰੇ, 'ਮਾਨਸ ਜਾਤ, ਏਕ ਪਹਿਚਾਣੋਂ' !
ਤਿੰਨ ਸਦੀਆਂ ਤੋਂ 'ਕਲਮ' ਤੇਰੀ ਦੇ, ਗੂੰਜਣ ਬੋਲ ਪਏ ਅਣਬੋਲੇ—
"ਚੁੱਕ ਲਵੋ 'ਤਲਵਾਰ' ਉਦੋਂ ਜਦ, ਮੁੱਕ ਜਾਂਦੇ ਨੇ ਸਾਰੇ ਹੀਲੇ" !
'ਕਲਮ' ਨਾਲ ਇਉਂ ਮੌਨ-ਮੁਨਿਹਰੀ, ਦੱਸੀ ਜੀਵਨ-ਚਾਲ ਸੀ ਤੂੰ ਹੀ !
ਜਿੰਦਗੀ ਤਾਈਂ ਜਿੰਦੜੀ ਬਖਸ਼ੀ, ਫਿਰ 'ਤਲਵਾਰ' ਨਾਲ ਸੀ ਤੂੰ ਹੀ !
ਹਿੰਦੂ-ਮੁਸਲਿਮ ਤੈਨੂੰ ਇਕੋ, ਕਿਸੇ ਨਾਲ ਨਾ ਤੇਰੀ ਲੜਾਈ !
ਜੇ ਤੂੰ ਸੀ 'ਤਲਵਾਰ' ਉਠਾਈ, ਜ਼ੁਲਮ ਵਿਰੁੱਧ ਤਲਵਾਰ ਉਠਾਈ !
ਅੰਧਕਾਰ 'ਚੋਂ ਚਾਨਣ ਲੜਦਿਆਂ ਦੇ ਤੂੰ ਆ ਜ਼ਖਮਾਂ ਨੂੰ ਭਰਿਆ !
'ਕਲਮ ਅਤੇ ਤਲਵਾਰ' ਨਾਲ ਤੂੰ, ਨਾਮ ਹਿੰਦ ਤੇ ਰੌਸ਼ਨ ਕਰਿਆ !
'ਮਹਾਂ-ਕ੍ਰਾਂਤੀਕਾਰੀ' ਸਾਜਨ ! ਗੁਣਾਂ ਨਾਲ ਭਰਪੂਰ ਓ ਪਿਆਰੇ !!
'ਸੰਤ-ਸਿਪਾਹੀ', 'ਪਰਮ-ਮਨੁੱਖ' ਤੇ ਯੋਧੇ ਸੂਰਬੀਰ ਓ ਪਿਆਰੇ !
'ਕਲਮ ਅਤੇ ਤਲਵਾਰ' ਅੱਜ ਵੀ, ਆਪਣੇ ਅੰਗ ਸੰਗ ਸਮਝਣ ਤੈਨੂੰ !
'ਸ਼ੁਭ ਕਰਮਨ ਤੇ ਕਬਹੂੰ ਨਾ ਟਰਹੂੰ', ਦੇਹ ਗੋਬਿੰਦ ਸਿੰਘ ! ਇਹ ਵਰ ਮੈਨੂੰ !

## ਛੁਰੀਆਂ

ਪੀਰ ਸੁਰਿੰਦਰ 'ਜਟਾਣਾ'

ਭਾਂਬੜ ਦਾਂ ਨਾਂ ਲੈਣ ਲੱਗੀ ਏ,
ਅੰਦਰੇ ਅੰਦਰ ਚਿਣਗਾਂ ਦੀ ਬਲਦੀ।
ਬੁਝੀ ਹੋਈ ਸੀ ਲੱਗੀ ਜਿਹੜੀ,
ਅੱਜ ਫੇਰ ਉਹ ਦਿਸਦੀ ਜਲਦੀ।
'ਵੈਰੀ' ਦਾ ਨਾਂ ਦੇ ਗਏ ਨੇ,
ਇਹ ਨੀ' ਕਹਿੰਦੇ ਅੱਗਾ ਪੁੱਛਾਂਦਾ।
ਸਭੇ ਆਪਣੇ ਨੇ ਲੋਕ ਇਹ ਸਾਰੇ,
ਮੈਨੂੰ ਕਹਿੰਦੇ ਠੇਰੇ ਜਾਂਦਾ।

ਆਪਣੀ ਹੀ ਰੱਤ ਪੀ ਪੀ ਕੇ ਮੈਂ,
ਅੰਦਰ ਖਾਲੀ ਹੋ ਬੈਠਾ ਹਾਂ।
ਆਪਣਾ ਕਾਤਲ ਆਪੇ ਹਾਂ ਮੈਂ,
ਜਿੰਦਾ ਹੀ ਮੈਂ ਮਰ ਬੈਠਾ ਹਾਂ।
ਅਜੇ ਵੀ ਪਿਆਸ ਇਹ ਨਹੀਂ ਬੁਝੇ,
ਕਹਿੰਦੇ ਨੇ 'ਇਹ ਸ਼ਰਮ ਨੀ ਖਾਂਦਾ।
ਤਿੰਨਾਂ ਧੀਆਂ ਦਾ ਬਾਪੂ ਬਣ ਕੇ,
ਅਜੇ ਵੀ ਸਾਡੇ ਕੋਲੋਂ ਜਾਂਦਾ!'

IMPORTERS EXPORTERS WHOLESALERS RETAILERS

ROKKO SAREES & FABRICS 6201 FRASER ST. (at 46th Ave.) VANCOUVER - 15, B.C., CANADA. PHONE: 327-3033

OWNED AND OPERATED BY B. S. KHURANA AND SONS AND GRANDSONS

# *Kartar S. Ahluwalia of . . .*

OFFICE
254-1814
438-1304

RESIDENCE
324-2557

OF Atlantic Travel Service Ltd

YOUR OWN TRAVEL AGENT

## OUR SERVICES ARE FREE!

1 You pay NOT A CENT MORE to book your flights through *Kartar S. Ahluwalia*
2 Information on new passports, passport renewals, endorsements, visas, affidavit forms (declarations) notary services etc.
3 Assistance to bring your friends or relatives to Canada.
4 Assistance for travel formalities through our representatives in India, and London (England)

MORE THAT YOU CAN GET:

1. VIP's treatment.
2. Sincere and friendly advice
3. Best deal always.
4. Fly now – pay later.
5. We are IATA approved agents
6. Service is our business.

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀਂ ਸਾਨੂੰ ਆਕੇ ਦਰਸ਼ਨ ਦਿਓ, ਕਿਉਂਕਿ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਅਤੇ ਵੀਜ਼ਿਆਂ ਵਿਚ ਪੂਰੀ ਮਦਦ ਕੀਤੀ ਜਾਵੇਗੀ।

ਕੈਨੇਡਾ ਵਿਚ ਭਾਰਤੀ ਸਭਿਆਚਾਰ ਦੀ ਪ੍ਰਗਤੀ ਵਿਚ ਇਕ ਨਵਾਂ ਮੋੜ○○○●●•

# ਵਤਨੋਂ ਦੂਰ ਆਰਟ ਫਾਂਉਡੇਸ਼ਨ – ਵੈਨਕੋਵਰ, ਬੀ. ਸੀ.

# WATNO DÜR ART FOUNDATION

A NON PROFITABLE ORGANISATION

## ਵਿਸ਼ੇਸ਼ ਮੰਤਵ :

- – ਅੰਤਰ-ਰਾਸ਼ਟਰੀ ਮਿਲਵਰਤਣ ਲਈ, ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ, ਭਾਰਤੀ ਅਤੇ ਹੋਰ ਕਮਿਊਨਿਟੀਆਂ ਵਿਚ ਤੰਦਰੁਸਤ ਵਾਤਾਵਰਣ ਪੈਦਾ ਕਰਨਾ।
- ਕੈਨੇਡਾ ਵਿਚ ਭਾਰਤੀ ਕਲਾ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਉੱਦਮ ਕਰਨਾ।

## ਜਲਦੀ ਹੀ ਪੇਸ਼ ਹੈ, ਵਤਨੋਂ ਦੂਰ ਆਰਟ ਫਾਂਉਡੇਸ਼ਨ ਦਾ ਪਹਿਲਾ ਸਭਿਆਚਾਰਕ ਪ੍ਰੋਗਰਾਮ!

IMPORTERS EXPORTERS WHOLESALERS RETAILERS

# ROKKO SAREES & FABRICS

635 BLOOR STREET WEST, TORONTO, ONTARIO, CANADA. PHONE: 533-1106

OWNED AND OPERATED BY B. S. KHURANA AND SONS AND GRANDSONS

LITERARY & CULTURAL MONTHLY OF PANJABI
THE WATNO DUR
Post Box No. 1041 Coquitlam, B.C., Canada

ਕੈਨੇਡਾ ਵਿੱਚ ਪੰਜਾਬੀ ਦਾ ਸਾਹਿਤਕ-ਸੱਭਿਆਚਾਰਕ ਮਾਸਕ ਪੱਤਰ: ਵਤਨੋਂ ਦੂਰ

April 1974 No.10

SECOND CLASS MAIL
REGISTRATION NUMBER: 3233

ਵਿਸਾਖੀ ਦੇ ਸੁਭ ਅਵਸਰ ਤੇ 'ਰੋਕੋ ਸਾੜ੍ਹੀ ਐਂਡ ਫੈਬਰਿਕਸ' ਅਤੇ ਖੁਰਾਨਾ ਪਰਿਵਾਰ ਵਲੋਂ ਲਖ ਲਖ ਵਧਾਈ।

ਵੈਨਕੂਵਰ ਵਿਚ

## ਰੋਕੋ ਸਾੜ੍ਹੀ ਐਂਡ ਫੈਬਰਿਕਸ ਵਲੋਂ ਇਕ ਹੋਰ ਧਮਾਕਾ

# ਵਿਸਾਖੀ ਦਾ ਮੇਲਾ

13 ਅਪ੍ਰੈਲ 1974 ਨੂੰ ਸਵੇਰੇ 9 ਵਜੇ ਤੋਂ ਰਾਤ ਦੇ 10 ਵਜੇ ਤੱਕ
ਰੋਕੋ ਸਾੜ੍ਹੀ ਐਂਡ ਫੈਬਰਿਕਸ ਪੇਸ਼ ਕਰ ਰਹੇ ਨੇ ਵਿਸਾਖੀ ਦੇ ਸੁਭ ਅਵਸਰ ਤੇ
ਮੁਫ਼ਤ, ਹਾਂ ਜੀ ਬਿਲਕੁਲ ਮੁਫ਼ਤ, ਰੰਗ ਬਰੰਗੇ..............? ਜਿਸ ਵਿਚ

ਰੋਕੋ ਸਾੜ੍ਹੀ ਦੇ ਮਾਲਕ ਤੁਹਾਡੇ ਸੁਭ ਚਿੰਤਕ ਸ੍ਰ. ਸਰਬਜੀਤ ਸਿੰਘ ਖੁਰਾਨਾ ਤੁਹਾਡਾ ਸੁਆਗਤ ਕਰਨਗੇ।

**ਇਸ ਸੁਭ ਦਿਹਾੜੇ ਹੀ:**

1. 'ਰੋਕੋ ਸਾੜ੍ਹੀ ਐਂਡ ਫੈਬਰਿਕਸ' ਵਾਲਿਆਂ ਵਲੋਂ, ਮੇਲਾ ਦੇਖਣ ਆਏ ਲੋਕਾਂ ਨੂੰ ਮੁਫ਼ਤ ਦਿਲ ਖਿਚਵੇਂ ਤੋਹਫ਼ੇ ਦਿਤੇ ਜਾਣਗੇ।
2. ਮੇਲੇ ਤੇ ਆਏ ਦਰਸ਼ਕਾਂ ਦੀ, ਪ੍ਰਸਿੱਧ ਰੇਡੀਓ ਅਨਾਊਂਸਰ 'ਸੁਸ਼ਮਾ' ਵਲੋਂ C.J.V.B. — 1470 ਰੇਡੀਓ ਤੇ ਇੰਟਰਵੀਊ ਲਈ ਜਾਵੇਗੀ।
3. 'ਰੋਕੋ ਸਾੜ੍ਹੀ ਐਂਡ ਫੈਬਰਿਕਸ' ਵਲੋਂ ਇਕ ਬਹੁਤ ਵੱਡਾ ਬਾਜ਼ਾਰ ਲਾਇਆ ਜਾਵੇਗਾ, ਜਿਸ ਵਿਚ ਹਰ ਤਰ੍ਹਾਂ ਦੇ ਕੱਪੜੇ ਮੁਫ਼ਤ ਵਾਂਗ ਹੀ ਲੁਟਾਏ ਜਾਣਗੇ।

**ਤੁਹਾਨੂੰ ਯਾਦ ਹੀ ਹੈ —** 'ਰੋਕੋ ਸਾੜ੍ਹੀ ਐਂਡ ਫੈਬਰਿਕਸ' ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉੱਤਸਵ ਬੜੀ ਧੂਮ ਧਾਮ ਨਾਲ ਮਨਾਇਆ ਅਤੇ ਫਿਰ ਧਮਾਕੇਦਾਰ 'ਸੇਲ' ਲਾਈ ਜਿਸ ਤੋਂ 1100 ਤੋਂ ਵੀ ਵੱਧ ਗਾਹਕਾਂ ਨੇ ਸਿਰਫ਼ ਸ਼ਨਿਚਰਵਾਰ ਨੂੰ ਲਾਭ ਉਠਾਇਆ।

**ਹੁਣ**

ਕਈ 1100 ਦਰਸ਼ਕਾਂ ਨੂੰ ਆਪਣੀਆਂ ਨਿਸ਼ਕਾਮ ਸੇਵਾਵਾਂ ਭੇਟਾ ਕਰਨ ਦਾ ਦਾਅਵਾ ਕਰਦੇ ਹਨ।

ਨੋਟ :— ਖਾਣ ਪੀਣ ਦਾ ਵੀ ਉਚੇਚਾ (ਮੁਫ਼ਤ) ਪ੍ਰਬੰਧ ਕੀਤਾ ਜਾਏਗਾ।

ਹੁਮ ਹੁਮਾ ਕੇ ਇਸ ਉਤਸਵ ਦੀ ਰੌਣਕ ਵਧਾਉਣ ਲਈ 13 ਅਪ੍ਰੈਲ ਨੂੰ
ਸਵੇਰੇ 9 ਵਜੇ ਤੋਂ ਰਾਤ ਦੇ 10 ਵਜੇ ਤੱਕ
**ਰੋਕੋ ਸਾੜ੍ਹੀ ਐਂਡ ਫੈਬਰਿਕਸ** - 6201, ਫਰੇਜ਼ਰ ਸਟਰੀਟ ਤੇ ਪਹੁੰਚੋ।

ਫ਼ੋਨ ਨੰ.: 327-3033
327-8033